71

# ਪੌਲੁਸ ’ਤੇ ਮੁਕੱਦਮਾ !

## (24:1-23)

ਕਿਸੇ ਮੰਡਲੀ ਨੂੰ ਇਵੈਂਜਲਿਸਟ (ਪ੍ਰਚਾਰਕ) ਦੀ ਲੋੜ ਸੀ। ਇਕ ਐਲਡਰ ਇਹ ਜਾਣਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਮੰਡਲੀ ਨੂੰ ਕਿਹੋ ਜਿਹਾ ਪ੍ਰਚਾਰਕ ਚਾਹੀਦਾ ਹੈ। ਇਸ ਕੰਮ ਲਈ ਉਹਨੇ ਇਕ ਚਿੱਠੀ ਤਿਆਰ ਕੀਤੀ ਅਤੇ ਉਸ ਨੂੰ ਮੰਡਲੀ ਸਾਹਮਣੇ ਇਵੇਂ ਪੜ੍ਹਿਆ ਜਿਵੇਂ ਉਹ ਆਪ ਪ੍ਰਚਾਰਕ ਦੀ ਨੌਕਰੀ ਲਈ ਅਰਜ਼ੀ ਦੇ ਰਿਹਾ ਹੋਵੇ:

> ਅਜ਼ੀਜ਼ੋ:
>
> ਕਿਸੇ ਤੋਂ ਇਹ ਪਤਾ ਲੱਗਣ ’ਤੇ ਕਿ ਤੁਹਾਨੂੰ ਪ੍ਰਚਾਰਕ ਦੀ ਲੋੜ ਹੈ, ਮੈਂ ਆਪਣੇ ਆਪ ਨੂੰ ਪ੍ਰਾਰਥੀ ਦੇ ਤੌਰ ’ਤੇ ਪੇਸ਼ ਕਰਨਾ ਚਾਹੁੰਦਾ ਹਾਂ।
>
> ਮੇਰੇ ਵਿਚ ਅਜਿਹੀਆਂ ਕਈ ਖ਼ੂਬੀਆਂ ਹਨ ਜੋ ਮੇਰੇ ਖ਼ਿਆਲ ’ਚ ਤੁਹਾਨੂੰ ਪਸੰਦ ਆਉਣਗੀਆਂ। ਮੈਨੂੰ ਜੋਸ਼ ਨਾਲ ਪ੍ਰਚਾਰ ਕਰਨ ਦੀ ਬਰਕਤ ਮਿਲੀ ਹੈ ਅਤੇ ਲੇਖਕ ਦੇ ਤੌਰ ’ਤੇ ਵੀ ਮੈਂ ਥੋੜ੍ਹਾ-ਬਹੁਤ ਕਾਮਯਾਬ ਹਾਂ। ਕੁਝ ਲੋਕ ਆਖਦੇ ਹਨ ਕਿ ਮੇਰਾ ਕੀਤਾ ਇੰਤਜ਼ਾਮ ਬਹੁਤ ਵਧੀਆ ਹੁੰਦਾ ਹੈ। ਮੈਂ ਜਿੱਥੇ ਵੀ ਗਿਆ ਉਹਨਾਂ ਵਿੱਚੋਂ ਬਹੁਤੀ ਥਾਂ ਆਗੂ ਹੀ ਰਿਹਾ ਹਾਂ।
>
> ਪਰ, ਕੁਝ ਲੋਕ ਮੇਰੀ ਮੁਖ਼ਾਲਫ਼ਤ ਕਰਦੇ ਹਨ। ਮੇਰੀ ਉਮਰ ਪੰਜਾਹ ਤੋਂ ਵੱਧ ਹੈ। ਮੇਰੀ ਸਿਹਤ ਬਹੁਤੀ ਵਧੀਆ ਨਹੀਂ ਹੈ, ਪਰ ਕੰਮ ਮੈਂ ਕੋਈ ਵੀ ਕਰ ਲੈਂਦਾ ਹਾਂ। ਮੈਂ ਕਦੇ ਇਕ ਥਾਂ ’ਤੇ ਤਿੰਨ ਤੋਂ ਵੱਧ ਸਾਲ ਨਹੀਂ ਟਿਕਿਆ। ਬਹੁਤੀਆਂ ਮੰਡਲੀਆਂ ਜਿਨ੍ਹਾਂ ਵਿਚ ਮੈਂ ਕੰਮ ਕੀਤਾ ਹੈ, ਛੋਟੀਆਂ-ਛੋਟੀਆਂ ਸਨ। ਆਮ ਤੌਰ ’ਤੇ ਆਪਣੇ ਗੁਜ਼ਾਰੇ ਲਈ ਮੈਨੂੰ ਹੱਥੀਂ ਕੰਮ ਕਰਨਾ ਪੈਂਦਾ ਹੈ। ਮੇਰਾ ਹਿਸਾਬ ਐਨਾ ਵਧੀਆ ਨਹੀਂ ਹੈ (ਇੱਥੋਂ ਤਕ ਕਿ ਮੈਨੂੰ ਉਨ੍ਹਾਂ ਲੋਕਾਂ ਨੂੰ ਵੀ ਭੁੱਲ ਜਾਣ ਵਾਲਾ ਕਿਹਾ ਜਾਂਦਾ ਹੈ ਜਿਨ੍ਹਾਂ ਨੂੰ ਮੈਂ ਕਿਤੇ ਬਪਤਿਸਮਾ ਦਿੱਤਾ ਸੀ)।
>
> ਕਈ ਸ਼ਹਿਰਾਂ ਦੇ ਧਾਰਮਿਕ ਆਗੂਆਂ ਨਾਲ ਮੇਰੇ ਸਬੰਧ ਬਹੁਤ ਚੰਗੇ ਨਹੀਂ ਰਹੇ। ਅਸਲ ’ਚ ਉਨ੍ਹਾਂ ਵਿੱਚੋਂ ਕਈਆਂ ਨੇ ਮੈਨੂੰ ਧਮਕਾਇਆ, ਮੈਨੂੰ ਜੇਲ੍ਹ ਪਹੁੰਚਾਇਆ ਅਤੇ ਇੱਥੋਂ ਤਕ ਕਿ ਮੇਰੇ ’ਤੇ ਜਾਨਲੇਵਾ ਹਮਲਾ ਵੀ ਕੀਤਾ। ਮੇਰੇ ਕੰਮ ਨਾਲ ਦੰਗੇ ਅਤੇ ਗੜਬੜੀਆਂ ਹੋਈਆਂ ਤਾਂ ਮੈਨੂੰ ਕਈ ਥਾਈਂ ਸ਼ਹਿਰ ਛੱਡ ਕੇ ਭੱਜਣਾ ਪਿਆ। ਤਿੰਨ ਚਾਰ ਵਾਰ ਮੈਂ ਜੇਲ੍ਹ ਵੀ ਕੱਟ ਚੁਕਾ ਹਾਂ, ਪਰ ਕਿਸੇ ਜੁਰਮ ਕਰਕੇ ਨਹੀਂ।
>
> ਜੇ ਤੁਸੀਂ ਮੇਰੀ ਸੇਵਾ ਲੈਣਾਂ ਚਾਹੋ, ਤਾਂ ਮੈਂ ਤੁਹਾਡੀ ਮੰਡਲੀ ਲਈ ਕੰਮ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗਾ, ਆਪਣਾ ਖਰਚਾ ਚਲਾਉਣ ਲਈ ਭਾਵੇਂ ਮੈਨੂੰ ਕਿਤੇ ਹੋਰ ਕੰਮ ਵੀ ਕਿਉਂ ਨਾ ਕਰਨਾ ਪਵੇ।[1]

ਚਿੱਠੀ ਪੜ੍ਹਨ ਦੇ ਬਾਅਦ, ਉਸ ਐਲਡਰ ਨੇ ਮੈਂਬਰਾਂ ਨੂੰ ਪੁੱਛਿਆ ਕਿ ਉਨ੍ਹਾਂ ਨੂੰ ਇਹ ਆਦਮੀ ਪਸੰਦ ਹੈ ਜਾਂ ਨਹੀਂ। ਸਭ ਮੈਂਬਰਾਂ ਦਾ ਕਹਿਣਾ ਸੀ ਕਿ ਉਹਨੂੰ ਉਸ ਮੰਡਲੀ ਲਈ ਉੱਥੇ ਬਿਲਕੁਲ ਨਾ ਲਾਇਆ ਜਾਵੇ। ਉਹ ਕਿਸੇ ਮਰੀਜ਼, ਲੜਾਈਆਂ ਪਵਾਉਣ ਵਾਲੇ, ਮੁਸ਼ਕਿਲਾਂ ਖੜੀਆਂ ਕਰਨ ਵਾਲੇ, ਪਹਿਲਾਂ ਦੋਸ਼ੀ ਰਹੇ ਬੰਦੇ ਨੂੰ ਪ੍ਰਚਾਰਕ ਨਹੀਂ ਲਾਉਣਾ ਚਾਹੁੰਦੇ ਅਤੇ ਉਨ੍ਹਾਂ ਨੂੰ ਇਸ ਗੱਲ ਵਿਚ ਆਪਣੀ ਬੇਇੱਜ਼ਤੀ ਲੱਗੀ ਕਿ ਅਜਿਹੇ ਆਦਮੀ ਦੀ ਅਰਜ਼ੀ ਉਨ੍ਹਾਂ ਸਾਹਮਣੇ ਲਿਆਂਦੀ ਗਈ। ਪਰ ਕਿਸੇ ਨੇ ਪੁੱਛ ਲਿਆ ਕਿ ਉਸ ਪ੍ਰਚਾਰਕ ਦਾ ਨਾਂਅ ਤਾਂ ਦੱਸੋ ਕੀ ਹੈ। ਐਲਡਰ ਦਾ ਜਵਾਬ ਸੀ, ''ਰਸੂਲ ਪੌਲੁਸ।''

ਰਸੂਲਾਂ ਦੇ ਕੰਮ ਕਿਤਾਬ ਦੇ ਆਖ਼ਰੀ ਸੱਤ ਅਧਿਆਇ ਪੌਲੁਸ ਨੂੰ ਇਕ ''ਆਦੀ ਕੈਦੀ'' ਭਾਵ ਇਕ ਮੁਜਰਮ ਦੇ ਤੌਰ 'ਤੇ ਵਿਖਾਉਂਦੇ ਹਨ, ਜੋ ਕੁਝ ਦੇਰ ਯਰੂਸ਼ਲਮ ਵਿਚ (22:24) ਫਿਰ ਦੋ ਸਾਲ ਕੈਸਰੀਆ ਵਿਚ (23:33-35; 24:27) ਅਤੇ ਉਹਦੇ ਬਾਅਦ ਘੱਟੋ-ਘੱਟ ਦੋ ਸਾਲ ਰੋਮ ਵਿਚ ਰਿਹਾ (28:16, 23)। ਪੌਲੁਸ ਜੇਲ੍ਹ ਦੀ ਜ਼ਿੰਦਗੀ ਤੋਂ ਅਣਜਾਣ ਨਹੀਂ ਸੀ। ਉਹਨੂੰ ਜੇਲ੍ਹ ਹੁੰਦੀ ਹੀ ਰਹਿੰਦੀ ਸੀ (2 ਕੁਰਿੰਥੀਆਂ 11:23)। ਅਸੀਂ ਇਕ ਕੈਦ ਬਾਰੇ ਪੜ੍ਹਿਆ ਸੀ ਜਦ ਫ਼ਿਲਿੱਪੈ ਵਿਚ ਪੌਲੁਸ ਅਤੇ ਉਹਦੇ ਸਾਥੀ ਨੂੰ ਕੁੱਟ ਕੇ ਉਨ੍ਹਾਂ ਦੇ ਪੈਰ ਲੱਕੜ ਵਿਚ ਠੋਕ ਦਿੱਤੇ ਗਏ ਸਨ (ਰਸੂਲਾਂ ਦੇ ਕੰਮ 16)। ਪਰ ਇਸ ਤੋਂ ਪਹਿਲਾਂ ਕਦੇ ਵੀ ਇਸ ਰਸੂਲ ਨੂੰ ਦਿਨਾਂ, ਹਫ਼ਤਿਆਂ, ਮਹੀਨਿਆਂ, ਵਰ੍ਹਿਆਂ ਦੀ ਕੈਦ ਨਹੀਂ ਹੋਈ ਸੀ। ਉਹਦੇ ਕੰਮ ਕਰਨ, ਉਹਦੀ ਜੀਵਨਸ਼ੈਲੀ ਦੇ ਤੇਜ ਨਾਲ ਭਰੇ ਹੋਣ ਕਰਕੇ ਪੌਲੁਸ 'ਤੇ ਅਜਿਹੇ ਮੁਕੱਦਮੇ ਚੱਲੇ ਜਿਨ੍ਹਾਂ ਬਾਰੇ ਉਹਨੇ ਕਦੇ ਸੋਚਿਆ ਤਕ ਨਹੀਂ ਸੀ। ਪਰ ਇਨ੍ਹਾਂ ਅਧਿਆਇਆਂ ਨੂੰ ਪੜ੍ਹਦੇ ਹੋਏ ਮੈਂ ਪੌਲੁਸ ਦਾ ਉਹ ਵਿਹਾਰਕ ਸਲੂਕ ਵਿਖਾਉਣਾ ਚਾਹੁੰਦਾ ਹਾਂ ਜੋ ਅਜ਼ਮਾਇਸ਼ ਦੇ ਇਕ ਵਕਤ ਅਖ਼ੀਰ ਤਕ ਉਹਨੇ ਬਣਾਈ ਰੱਖਿਆ।[2]

ਪਿਛਲੇ ਪਾਠ ਵਿਚ ਅਸੀਂ ਪੌਲੁਸ ਨੂੰ ਕੈਸਰੀਆ ਵਿਚ ਲਿਆ ਕੇ ਰਾਜਪਾਲ ਫ਼ੇਲਿਕਸ ਦੇ ਸਾਹਮਣੇ ਪੇਸ਼ ਕਰਦਿਆਂ ਵੇਖਿਆ ਸੀ, ਜਿਸ ਨੇ ਉਹ ਨੂੰ ਹੇਰੋਦੇਸ ਦੇ ਮਹਿਲ ਵਿਚ ਕੈਦ ਕਰ ਦਿੱਤਾ ਸੀ (23:23-35)। ਇਹ ਪਾਠ ਕੈਸਰੀਆ ਵਿਚ ਪੌਲੁਸ ਦੀ ਪਹਿਲੀ ਪੇਸ਼ੀ ਬਾਰੇ ਹੈ, ਇਹ ਉਨ੍ਹਾਂ ਬਹੁਤ ਸਾਰੇ ਮੁਕੱਦਮਿਆਂ ਵਿੱਚੋਂ ਇਕ ਹੈ ਜਿਨ੍ਹਾਂ ਵਿਚ ਪੰਜ ਜਾਂ ਇਸ ਤੋਂ ਵੱਧ ਸਾਲ ਉਹਨੂੰ ਕੈਦ ਵਿਚ ਕੱਟਣੇ ਪਏ।[3] ਧਿਆਨ ਦਿਓ ਕਿ ਪੌਲੁਸ 'ਤੇ ਹਮਲੇ ਹੋਏ ਅਤੇ ਉਹਦੀ ਬਦਨਾਮੀ ਵੀ ਹੋਈ, ਪਰ ਉਹਨੇ ''ਆਨੰਦ ਨਾਲ ਭਰੇ'' (24:10) ਰਹਿਣਾ ਸਿੱਖ ਲਿਆ ਸੀ।

## ਝੂਠਾ ਇਲਜ਼ਾਮ (24:1-9)

ਪੌਲੁਸ ਦੇ ਯਰੂਸ਼ਲਮ ਵਿੱਚੋਂ ਸੁਰੱਖਿਅਤ ਨਿੱਕਲ ਜਾਣ ਬਾਅਦ, ਪਲਟਨ ਦੇ ਸਰਦਾਰ ਨੇ ਮਹਾਂ ਸਭਾ ਨੂੰ ਖ਼ਬਰ ਕੀਤੀ ਕਿ ਕੈਦੀ ਨੂੰ ਕੈਸਰੀਆ ਵਿਚ ਲਿਜਾਇਆ ਗਿਆ ਸੀ। ਇਹ ਸ਼ਾਇਦ ਬਹੁਤ ਹੀ ਸੰਤੋਖ਼ ਦੀ ਗੱਲ ਸੀ ਕਿ ਇਸ ਅਧਿਕਾਰੀ ਨੇ ਉਨ੍ਹਾਂ ਨੂੰ ਦੱਸਿਆ ਕਿ ਜੇ ਉਹ ਮਾਮਲੇ ਨੂੰ ਅੱਗੇ ਵਧਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਕੈਸਰੀਆ ਵਿਚ ਜਾ ਕੇ ਆਪਣਾ ਕੇਸ ਰਾਜਪਾਲ ਫ਼ੇਲਿਕਸ ਸਾਹਮਣੇ ਪੇਸ਼ ਕਰਨਾ ਪਵੇਗਾ।[4] ਯਹੂਦੀ ਆਗੂ ਜ਼ਰੂਰ ਹੀ ਅੱਗ-ਬਬੂਲੇ ਹੋ ਗਏ ਹੋਣਗੇ ਕਿ ਪੌਲੁਸ ਫੇਰ ਉਨ੍ਹਾਂ ਦੇ ਜਾਲ ਵਿੱਚੋਂ ਨਿੱਕਲ ਗਿਆ। ਪਰ ਉਹ ਹਾਰ ਮੰਨਣ ਨੂੰ ਅਜੇ ਵੀ ਤਿਆਰ ਨਹੀਂ ਸਨ। ਕੁਝ ਦਿਨਾਂ ਵਿਚ ਹੀ ਉਹ ਫੇਰ ਉਹਨੂੰ ਮਾਰਨ ਦੀ ਕੋਸ਼ਿਸ਼ ਕਰਨ ਲਈ ਤਿਆਰ ਸਨ।

''ਪੰਜਾਂ ਦਿਨਾਂ ਪਿੱਛੋਂ[5] ਹਨੱਨੀਆ ਸਰਦਾਰ ਯਾਜਕ[6] ਕਈ ਬਜ਼ੁਰਗਾਂ[7] ਸਣੇ ਤਰਤੁੱਲੁਸ[8] ਨਾਮਕ ਇਕ ਵਕੀਲ[9] ਨੂੰ ਨਾਲ ਲੈ ਕੇ [ਕੈਸਰੀਆ ਵਿਚ] ਆਇਆ[10] ਅਤੇ ਉਨ੍ਹਾਂ ਨੇ ਪੌਲੁਸ ਦੇ ਵਿਰੁੱਧ ਹਾਕਮ ਦੇ ਕੰਨ ਭਰੇ'' (ਆਇਤ 1)। ਬਜ਼ੁਰਗ ਯਾਜਕ ਹਨੱਨੀਆ ਕੈਸਰੀਆ ਦਾ ਸੱਠ ਤੋਂ ਵੱਧ ਮੀਲ ਸਫ਼ਰ ਕਰਕੇ ਪਰੇਸ਼ਾਨ ਤਾਂ ਹੋਇਆ ਹੋਵੇਗਾ, ਪਰ ਪੌਲੁਸ ਨੂੰ ਮਾਰਨ ਲਈ ਉਹ ਕੋਈ ਵੀ ਤਕਲੀਫ਼ ਝੱਲਣ ਨੂੰ ਤਿਆਰ ਸੀ। ਉਹਨੇ ਅਤੇ ਹੋਰ ਆਗੂਆਂ ਨੇ ਆਪਣਾ ਪੱਖ ਪੇਸ਼ ਕਰਨ ਲਈ ਤਰਤੁੱਲੁਸ ਨਾਂਅ ਦੇ ਇਕ ਮਾਹਰ ਬੁਲਾਰੇ ਦੀਆਂ ਸੇਵਾਵਾਂ ਲਈਆਂ। ਅਜਿਹਾ ਉਨ੍ਹਾਂ ਨੇ ਇਸ ਲਈ ਕੀਤਾ ਹੋਵੇਗਾ ਕਿਉਂਕਿ (1) ਤਰਤੁੱਲੁਸ ਨੂੰ ਰੋਮੀ ਕਾਨੂੰਨ ਬਾਰੇ ਉਨ੍ਹਾਂ ਨਾਲੋਂ ਜ਼ਿਆਦਾ ਜਾਣਕਾਰੀ ਸੀ ਅਤੇ (2) ਉਨ੍ਹਾਂ ਨੇ ਖ਼ੁਸ਼ਾਮਦ ਕਰਨ ਲਈ ਵੀ ਇਵੇਂ ਕੀਤਾ ਹੋਵੇਗਾ।

ਕੈਸਰੀਆ ਪਹੁੰਚ ਕੇ ਉਹ ਯਹੂਦੀਆ ਦੇ ਰੋਮੀ ਰਾਜਪਾਲ (ਹਾਕਮ) ਅੰਟੋਨੀਉਸ ਫ਼ੇਲਿਕਸ[11] ਦਾ ਸਵਾਗਤ ਕਰਨ ਵਾਲਿਆਂ ਵਿਚ ਰਲ ਗਏ।[12] ਪੌਲੁਸ ਨੂੰ ਅੰਦਰ ਲਿਆਉਣ ਦੇ ਬਾਅਦ (24:2ੳ), ਤਰਤੁੱਲੁਸ ਨੇ ਫ਼ੇਲਿਕਸ ਨੂੰ ਮੁਖ਼ਾਤਬ ਹੁੰਦਿਆਂ ''ਕਰਹਿਤ ਆਉਣ ਵਾਲੀ ਖ਼ੁਸ਼ਾਮਦ'' ਕਰਦਿਆਂ ਕੇਸ ਦੀ ਕਾਰਵਾਹੀ ਸ਼ੁਰੂ ਕੀਤੀ:[13]

> ਹੇ ਫ਼ੇਲਿਕਸ ਬਹਾਦੁਰ, ਇਸ ਲਈ ਜੋ ਅਸੀਂ ਤੁਹਾਡੇ ਵਸੀਲੇ ਵੱਡਾ ਸੁੱਖ ਭੋਗਦੇ ਹਾਂ ਅਤੇ ਤੁਹਾਡੀ ਦੂਰ ਅੰਦੇਸ਼ੀ ਨਾਲ ਐਸ ਕੌਮ ਦੇ ਬਹੁਤ ਸਾਰੇ ਕੰਮ ਸੌਰਦੇ ਹਨ। ਅਸੀਂ ਹਰ ਪਰਕਾਰ ਅਤੇ ਸਭਨੀਂ ਥਾਈਂ ਇਹ ਗੱਲ ਵੱਡੇ ਸ਼ੁਕਰ ਨਾਲ ਮੰਨ ਲੈਂਦੇ ਹਾਂ (ਆਇਤਾਂ 2ਅ, 3)।

ਅਸਲ 'ਚ ਫ਼ੇਲਿਕਸ ਨੇ ਬਹੁਤ ਸਾਰੇ ਬਾਗ਼ੀਆਂ ਨੂੰ ਕੁਚਲ ਦਿੱਤਾ ਸੀ:[14] ਪਰ ਅਜਿਹਾ ਉਹਨੇ ਜ਼ੁਲਮ ਕਰਕੇ ਕੀਤਾ ਸੀ ਜਿਸ ਨਾਲ ਨਰਮਪੰਥੀ ਯਹੂਦੀ ਵੀ ਰੋਹ ਵਿਚ ਆ ਗਏ ਸਨ। ਯਹੂਦੀਆਂ ਦੇ ਬਹੁਤੇ ਲੋਕ ਕਹਿੰਦੇ ਸਨ ਕਿ ਜੋ ਵੀ ਸ਼ਾਂਤੀ ਹੈ ਸੀ ਉਹ ਉਹਦੇ ਕਰਕੇ ਨਹੀਂ ਸਗੋਂ ਉਹਦੇ ਹੋਣ ਕਰਕੇ ਸੀ। ਪਰ ਫ਼ੇਲਿਕਸ ਜੱਜ ਅਤੇ ਜਿਉਰੀ ਸਭ ਕੁਝ ਸੀ ਅਤੇ ਤਰਤੁੱਲੁਸ ਨੇ ਉਸ ਨੂੰ ਆਪਣੇ ਹੱਕ ਵਿਚ ਕਰਨ ਲਈ ਕੁਝ ਵੀ ਕਹਿਣਾ ਸੀ।

ਇਸ ਚਾਪਲੂਸ ਵਕੀਲ ਨੇ ਅੱਗੇ ਕਿਹਾ, ''ਪਰ ਇਸ ਲਈ ਜੋ ਤੁਹਾਨੂੰ ਬਹੁਤ ਔਖਾ ਨਾ ਕਰਾਂ ਮੈਂ ਇਹ ਬੇਨਤੀ ਕਰਦਾ ਹਾਂ ਜੋ ਤੁਸੀਂ ਕਿਰਪਾ ਕਰ ਕੇ ਸਾਡੀਆਂ ਥੋੜ੍ਹੀਆਂ ਜਿਹੀਆਂ ਗੱਲਾਂ ਸੁਣ ਲਓ'' (ਆਇਤ 4)। ਫਿਰ ਤਰਤੁੱਲੁਸ ਨੇ ਪੌਲੁਸ ਦੇ ਖ਼ਿਲਾਫ਼ ਤਿੰਨ ਇਲਜ਼ਾਮ ਲਾਏ ਜੋ ਉਹਦੀ ਚਾਪਲੂਸੀ ਵਾਂਗ ਹੀ ਝੂਠੇ ਸਨ:

ਪਹਿਲਾ ਇਲਜ਼ਾਮ *ਨਿੱਜੀ* ਸੀ: ''ਕਿਉਂ ਜੋ ਅਸਾਂ ਇਸ ਮਨੁੱਖ ਨੂੰ ਇਕ ਬਲਾ ...'' (ਆਇਤ 5ੳ), ਮੂਲ ਵਿਚ ''ਇਕ ਬੀਮਾਰੀ, ਆਫ਼ਤ'' ਪਾਇਆ ਹੈ! ਦੂਜੇ ਸ਼ਬਦਾਂ 'ਚ, ''ਪੌਲੁਸ ਸਭ ਤੋਂ ਵੱਧ ਗੜਬੜ ਕਰਨ ਵਾਲਾ ਆਦਮੀ ਹੈ, ਅਜਿਹਾ ਜਿਸ ਨੂੰ ਕੋਈ ਵੀ ਸਹੀ ਸੋਚ ਵਾਲਾ ਬੰਦਾ ਜ਼ਿੰਦਾ ਰਹਿਣ ਦੀ ਇਜਾਜ਼ਤ ਨਹੀਂ ਦੇਵੇਗਾ!''

ਅਗਲਾ ਇਲਜ਼ਾਮ *ਸਿਆਸੀ* ਸੀ: ''ਅਤੇ ਸਾਰੀ ਦੁਨੀਆਂ ਦੇ ਸਭ ਯਹੂਦੀਆਂ ਵਿਚ ਫ਼ਸਾਦ ਪਾਉਣ ਵਾਲਾ ਵੇਖਿਆ ਅਤੇ ਉਹ ਨਾਸਰੀਆਂ ਦੇ ਪੰਥ ਦਾ ਆਗੂ ਹੈ'' (ਆਇਤ 5ਅ)। ਇਸ ਇਲਜ਼ਾਮ ਵਿਚ ਫ਼ੇਲਿਕਸ ਦੀ ਦਿਲਚਸਪੀ ਸਭ ਤੋਂ ਵੱਧ ਹੋਵੇਗੀ, ਕਿਉਂਕਿ ਉਹਨੂੰ ਰੋਮੀ ਸਰਕਾਰ ਵੱਲੋਂ ਸ਼ਾਂਤੀ ਕਾਇਮ ਰੱਖਣ ਲਈ ਠਹਿਰਾਇਆ ਗਿਆ ਸੀ। ਇਸ ਇਲਜ਼ਾਮ ਵਿਚ ਕੁਝ ਹਕੀਕਤ ਸੀ, ਕਿਉਂਕਿ ਜਿੱਥੇ ਵੀ ਪੌਲੁਸ ਗਿਆ ਉਨ੍ਹਾਂ ਵਿੱਚੋਂ ਬਹੁਤੀ ਥਾਈਂ ਗੜਬੜ ਹੀ

ਹੋਈ ਸੀ।[15] ਪਰ ਇਹ ਮਤਲਬ ਕੱਢਣਾ ਕਿ ਪੌਲੁਸ ਨੇ ਗੜਬੜ ਕੀਤੀ ਸੀ, ਗ਼ਲਤ ਸੀ।

''ਫ਼ਸਾਦ ਪਾਉਣ ਵਾਲਾ ... ਨਾਸਰੀਆਂ ਦੇ ਪੰਥ[16] ਦਾ ਆਗੂ'' ਵਾਕਾਂਸ਼ 'ਤੇ ਧਿਆਨ ਦਿਓ। ਪਵਿੱਤਰ ਲਿਖਤ ਵਿਚ ਮਸੀਹੀ ਲੋਕਾਂ ਲਈ ਪਹਿਲੀ ਵਾਰ ਇੱਥੇ ''ਨਾਸਰੀਆਂ'' ਸ਼ਬਦ ਦੀ ਵਰਤੋਂ ਹੋਈ ਹੈ। ਇਸ ਨਾਂਅ ਦੀ ਵਰਤੋਂ ਯਹੂਦੀ ਲੋਕ ''ਯਿਸੂ ਨਾਸਰੀ ਦੇ ਪੈਰੋਕਾਰ'' ਲਈ ਕਰਦੇ ਸਨ।[17] ਇਹ ਵੀ ਠੱਠੇ ਨਾਲ ਹੀ ਕਿਹਾ ਜਾਂਦਾ ਸੀ ਕਿ ''ਭਲਾ ਨਾਸਰਤ ਵਿੱਚੋਂ ਕੋਈ ਉੱਤਮ ਵਸਤੂ ਨਿੱਕਲ ਸਕਦੀ ਹੈ?'' (ਯੂਹੰਨਾ 1:46ਅ)[18] ਤਰਤੁੱਲੁਸ ਨੇ ਇਸ ਬੇਇੱਜ਼ਤ ਸਮੂਹ ਨੂੰ ''ਪੰਥ'' ਕਿਹਾ, ਇਸ ਲਈ ਉਹ ਇਹੀ ਸੁਝਾਅ ਦੇ ਰਿਹਾ ਹੋਵੇਗਾ ਕਿ ਮਸੀਹੀਅਤ ਇਕ ਨਾਜਾਇਜ਼ ਧਰਮ ਹੈ[19] ਅਤੇ ਰੋਮ ਨੂੰ ਚਾਹੀਦਾ ਹੈ ਕਿ ਇਸ ਨੂੰ ਮਿਟਾ ਦੇਵੇ।

ਅਖ਼ੀਰ ਵਿਚ ਉਸ ਵਕੀਲ ਨੇ ਇਕ *ਪਵਿੱਤਰ (ਭਾਵ ਧਾਰਮਿਕ)* ਇਲਜ਼ਾਮ ਲਾਇਆ: ''ਇਸ ਨੇ ਹੈਕਲ ਨੂੰ ਭ੍ਰਿਸ਼ਟ ਕਰਨ ਦਾ ਯਤਨ ਕੀਤਾ'' (24:6ੳ)। ਮੂਲ ਵਿਚ ਅਸੀਆ ਦੇ ਯਹੂਦੀ ਇਹ ਰੌਲਾ ਪਾ ਰਹੇ ਸਨ ਕਿ ਪੌਲੁਸ ਨੇ ਹੈਕਲ ਨੂੰ ਭ੍ਰਿਸ਼ਟ ਕਰ ਦਿੱਤਾ ਹੈ (21:28); ਹੁਣ ਇਲਜ਼ਾਮ ਵਿਚ ਨਰਮੀ ਸੀ ਕਿ ''ਉਹਨੇ ਹੈਕਲ ਨੂੰ ਭ੍ਰਿਸ਼ਟ ਕਰਨਾ *ਚਾਹਿਆ* ।'' ਇਹ ਇਲਜ਼ਾਮ ਐਨਾ ਉਲਝਣ ਭਰਿਆ ਹੋ ਗਿਆ ਸੀ ਕਿ ਇਸ ਨੂੰ ਸਾਬਤ ਕਰਨਾ ਜਾਂ ਝੁਠਲਾਉਣਾ ਔਖਾ ਸੀ। ਜਿਵੇਂ ਪਹਿਲਾਂ ਟਿੱਪਣੀ ਕੀਤੀ ਗਈ ਕਿ ਰੋਮ ਦੀ ਸਰਕਾਰ ਨੇ ਹੈਕਲ ਦੇ ਅਧਿਕਾਰੀਆਂ ਨੂੰ ਇਹ ਹੱਕ ਦਿੱਤਾ ਹੋਇਆ ਸੀ ਕਿ ਜੇ ਕੋਈ ਹੈਕਲ ਨੂੰ ਭਰਿਸ਼ਟ ਕਰੇ ਤਾਂ ਉਹ ਉਹਨੂੰ ਮਾਰ ਸੁੱਟਣ।[20]

ਤਰਤੁੱਲੁਸ ਨੇ ਹੋਰ ਕਿਹਾ:

> ਸੋ ਅਸਾਂ ਇਹ ਨੂੰ ਫੜ੍ਹ ਭੀ ਲਿਆ। [ਅਸੀਂ ਆਪਣੀ ਸ਼ਰ੍ਹਾ ਮੁਤਾਬਕ ਇਹਦਾ ਨਿਆਂ ਕਰਨਾ ਚਾਹੁੰਦੇ ਸਾਂ, ਪਰ ਸੂਬੇਦਾਰ ਲੂਸੀਅਸ ਨੇ ਆ ਕੇ ਇਹਨੂੰ ਜ਼ਬਰਦਸਤੀ ਸਾਡੇ ਹੱਥੋਂ ਛੁਡਾ ਲਿਆ ਅਤੇ ਇਹਦੇ ਮੁਦੱਈਆਂ ਨੂੰ ਤੁਹਾਡੇ ਸਾਹਮਣੇ ਪੇਸ਼ ਹੋਣ ਦਾ ਹੁਕਮ ਦਿੱਤਾ] (ਆਇਤਾਂ 6ਅ, 7, 8ੳ)।

ਆਇਤ 22 ਵਿਚ ਭੀੜ ਦੇ ਦ੍ਰਿਸ਼ ਨੂੰ ਨਿਰਪੱਖ ਮੁਕੱਦਮੇ ਦੀ ਤਿਆਰੀ ਲਈ ਲੋਕਾਚਾਰੀ ਗ੍ਰਿਫ਼ਤਾਰੀ ਕਹਿਣਾ ਬੜਾ ਔਖਾ ਹੋ ਸਕਦਾ ਹੈ! ਵਾਰੇਨ ਵਿਅਰਸਬੇ ਨੇ ਕਿਹਾ ਹੈ, ''ਪੌਲੁਸ ਦੀ ਗ੍ਰਿਫ਼ਤਾਰੀ ਦੇ ਲੂਕਾ ਦੇ ਬ੍ਰਿਤਾਂਤ ਦੀ ਤੁਲਨਾ (ਰਸੂਲਾਂ ਦੇ ਕੰਮ 21:27-40) ਪਲਟਨ ਦੇ ਸਰਦਾਰ ਦੇ ਬ੍ਰਿਤਾਂਤ (ਰਸੂਲਾਂ ਦੇ ਕੰਮ 23:25-30) ਅਤੇ ਵਕੀਲ ਦੇ ਬ੍ਰਿਤਾਂਤ (ਰਸੂਲਾਂ ਦੇ ਕੰਮ 24:6-8) ਨਾਲ ਕਰਨ 'ਤੇ ਤੁਹਾਨੂੰ ਚੰਗੀ ਤਰ੍ਹਾਂ ਸਮਝ ਆ ਜਾਵੇਗੀ ਕਿ ਜੱਜ ਅਤੇ ਜਿਊਰੀ ਕਿਉਂ ਮੁਸ਼ਕਿਲ ਵਿਚ ਪੈ ਸਕਦੇ ਹਨ।''[21] ਯਕੀਨਨ ਹੀ ਵਕੀਲ ਨੂੰ ਇਹ ਪਤਾ ਨਹੀਂ ਸੀ ਕਿ ਫ਼ੇਲਿਕਸ ਕੋਲ ਪੌਲੁਸ ਨੂੰ ਯਹੂਦੀਆ ਹੱਥੋਂ ਬਚਾਉਣ ਲਈ ਲੁਸੀਅਸ ਦੀ ਲਿਖੀ ਚਿੱਠੀ ਸੀ ਕਿ ਉਹ ਉਹਨੂੰ ਮਾਰਨ ਦੀ ਕੋਸ਼ਿਸ਼ ਕਰ ਰਹੇ ਹਨ (23:27)।

ਆਇਤ 6 ਦਾ ਆਖ਼ਰੀ ਹਿੱਸਾ, ਆਇਤ 7 ਦਾ ਪੂਰਾ ਹਿੱਸਾ ਅਤੇ 8 ਆਇਤ ਦਾ ਪਹਿਲਾ ਹਿੱਸਾ ਕਈ ਪੁਰਾਤਨ ਹੱਥ ਲਿਖਤਾਂ ਵਿਚ ਨਹੀਂ ਮਿਲਦਾ। ਇਸ ਪਾਠ ਦੇ ਸਹੀ ਹੋਣ ਦਾ ਲਿਖਤ ਦਾ ਸਬੂਤ ਕਾਫ਼ੀ ਨਹੀਂ ਹੈ। ਇਸ ਲਈ ਬਹੁਤ ਸਾਰੇ ਅਨੁਵਾਦਕ ਇਸ ਨੂੰ ਮੁਸ਼ਕਿਲ ਨਹੀਂ ਕਰਦੇ ਪਰ ਬ੍ਰੈਕਟਾਂ ਵਿਚ ਜਾਂ ਟਿੱਪਣੀਆਂ ਆਦਿ ਵਿਚ ਪਾ ਦਿੰਦੇ ਹਨ।[22] ਰਸੂਲਾਂ ਦੇ ਕੰਮ ਤੇ ਆਪਣੇ ਟੀਕਾ ਵਿਚ ਆਪਣੇ ਹੀ ਅਨੁਵਾਦ ਬਾਰੇ ਸਾਈਮਨ ਕਿਸਟਮੇਕਰ ਦੀ ਵਿਆਖਿਆ

ਹੈ, ''ਵੈਸਟਰਨ ਟੈਕਸਟ ਵਿਚ ਪ੍ਰਮਾਣਿਕਤਾ ਦਾ ਇਕ ਦਾਇਰਾ ਹੈ। ਇਸ ਲਈ ਮੈਂ ਇਸ ਦੀ ਸ਼ਮੂਲੀਅਤ ਨੂੰ ਡੱਕ ਕੇ ਨਹੀਂ ਰੱਖਣਾ ਚਾਹੁੰਦਾ ਪਰ ਜਾਣ ਬੁੱਝ ਕੇ ਇਸ ਨੂੰ ਬ੍ਰੈਕਟਾਂ ਵਿਚ ਰੱਖਦਾ ਹਾਂ।''[23] ਐਫ਼.ਐਫ. ਬਰੂਸ ਨੇ ਮੰਨਿਆ, ''ਵੈਸਟਰਨ ਜੋੜ ਦਾ ਤਰੀਕਾ ਤਰਤੁੱਲੁਸ ਦੇ ਬਾਕੀ ਭਾਸ਼ਣ ਨਾਲ ਏਨਾ ਮੇਲ ਖਾਂਦਾ ਹੈ ਕਿ ਇਸ ਦੇ ਸੱਚ ਹੋਣ ਨੂੰ ਮੰਨਣਾ ਹੀ ਪੈਂਦਾ ਹੈ।''[24]

ਪੌਲੁਸ ਦੇ ਖ਼ਿਲਾਫ਼ ਰਾਜਪਾਲ ਦੇ ਮਨ ਵਿਚ ਮੁਤੱਅਸਬ ਪੈਦਾ ਕਰਨ ਦੀ ਪੂਰੀ ਕੋਸ਼ਿਸ਼ ਕਰਕੇ ਤਰਤੁੱਲੁਸ ਨੇ ਨਿਚੋੜ ਕੱਢਿਆ: ''ਤੁਸੀਂ ਆਪ ਜਾਂਚ ਕਰਕੇ ਉਨ੍ਹਾਂ ਸਾਰੀਆਂ ਗੱਲਾ ਦੇ ਵਿਖੇ ਜੋ ਅਸੀਂ ਇਹਦੇ ਜ਼ਿੰਮੇ ਲਾਉਂਦੇ ਹਾਂ ਇਸ ਤੋਂ ਮਲੂਮ ਕਰ ਸਕੋਗੇ'' (ਆਇਤ 8)। ਬ੍ਰੈਕਟ ਵਾਲੀ ਆਇਤ ਨੂੰ ਕੱਢ ਦਿੱਤਾ ਜਾਵੇ ਤਾਂ ਤਰਤੁੱਲੁਸ ਪੌਲੁਸ ਦੀ ਜਾਂਚ ਦੀ ਗੱਲ ਕਰਦਾ ਲਗਦਾ ਹੈ;[25] ਜੇ ਇਸ ਆਇਤ ਨੂੰ ਸ਼ਾਮਿਲ ਕਰ ਲਿਆ ਜਾਵੇ ਤਾਂ ਲਗਦਾ ਹੈ ਕਿ ਉਹ ਰੋਮੀ ਪਲਟਨ ਦੇ ਸਰਦਾਰ ਦੀ ਗੱਲ ਕਰ ਰਿਹਾ ਹੈ।[26] ਦੋਹਾਂ ਹਾਲਤਾਂ ਵਿਚ ਉਸ ਵਕੀਲ ਨੇ ਇਹ ਵਿਖਾਇਆ ਕਿ ਫ਼ੇਲਿਕਸ ਨੂੰ ਸਭ ਤੱਥਾਂ ਦਾ ਪਤਾ ਲੱਗਣ 'ਤੇ ਉਹ ਉਨ੍ਹਾਂ ਦਾ ਹੀ ਪੱਖ ਲਵੇਗਾ।

ਉੱਥੇ ਪ੍ਰਧਾਨ ਯਾਜਕਾਂ ਅਤੇ ਬਜ਼ੁਰਗਾਂ ਨੇ ਸੁਰ ਨਾਲ ਸੁਰ ਮਿਲਾ ਲਿਆ। ''ਯਹੂਦੀਆਂ ਨੇ ਵੀ ਏਕਾ ਕਰ ਕੇ ਕਿਹਾ ਏਹ ਗੱਲਾਂ ਇਸੇ ਤਰ੍ਹਾਂ ਹਨ'' (ਆਇਤ 9)।

## ਦਲੇਰੀ ਨਾਲ ਉਜ਼ਰ ਕਰਨਾ (24:10-21)

ਜੇ ਯਹੂਦੀਆਂ ਦੀ ਮਰਜ਼ੀ ਸੀ ਕਿ ਰਾਜਪਾਲ ਪੌਲੁਸ ਦੀ ਜਾਂਚ ਕਰੇ, ਤਾਂ ਉਨ੍ਹਾਂ ਨੂੰ ਨਿਰਾਸ਼ਾ ਹੀ ਮਿਲੀ। ਇਹਦੇ ਉਲਟ ਰਾਜਪਾਲ ਨੇ ਸਿਰਫ਼ ''ਪੌਲੁਸ ਨੂੰ ਬੋਲਣ ਦੀ ਸੈਨਤ ਕੀਤੀ,'' ਅਤੇ ਪੌਲੁਸ ਅਪਣਾ ਪੱਖ ਪੇਸ਼ ਕਰਨ ਲੱਗਾ (ਆਇਤ 10ੳ)।

ਖ਼ੁਸ਼ਾਮਦ ਨਾਲ ਸ਼ੁਰੂ ਕਰਨ ਦੀ ਬਜਾਏ (1 ਥੱਸਲੁਨੀਕੀਆਂ 2:5ੳ), ਪੌਲੁਸ ਨੇ ਸਿਰਫ਼ ਯਹੂਦੀਆਂ ਨਾਲ ਵਿਹਾਰ ਦੇ ਫ਼ੇਲਿਕਸ ਦੇ ਤਜਰਬੇ ਦੀ ਹੀ ਗੱਲ ਕੀਤੀ ਸੀ: ''ਮੈਨੂੰ ਮਲੂਮ ਹੈ ਜੋ ਤੁਸੀਂ ਬਹੁਤ ਵਰ੍ਹਿਆਂ ਤੋਂ ਐਸ ਕੌਮ ਦੇ ਹਾਕਮ ਹੋ ਜਿਸ ਲਈ ਮੈਂ ਹੌਸਲੇ ਨਾਲ ਆਪਣਾ ਉਜ਼ਰ ਬਿਆਨ ਕਰਦਾ ਹਾਂ'' (ਆਇਤ 10ਅ)।[27] ਖ਼ੁਦਾ ਦੀ ਮਦਦ ਨਾਲ, ਹਾਲਾਤ 'ਤੇ ਕਾਬੂ ਰੱਖਦੇ ਹੋਏ ਇਹ ਰਸੂਲ ਘਬਰਾਏ ਬਗੈਰ ਡਟਿਆ ਰਿਹਾ। ਯਿਸੂ ਨੇ ਵਾਅਦਾ ਕੀਤਾ ਸੀ:

> ... ਲੋਕ ਤੁਹਾਡੇ ਉੱਤੇ ਹੱਥ ਪਾਉਣਗੇ ਅਤੇ ਤੁਹਾਨੂੰ ਸਤਾਉਣਗੇ ਅਰ ਸਮਾਜਾਂ ਅਤੇ ਕੈਦਖ਼ਾਨਿਆਂ ਵਿਚ ਫੜਵਾ ਦੇਣਗੇ ਅਤੇ ਮੇਰੇ ਨਾਂਅ ਦੇ ਕਾਰਨ ਰਾਜਿਆਂ ਅਰ ਹਾਕਮਾਂ ਦੇ ਸਾਹਮਣੇ ਲੈ ਜਾਣਗੇ। ਇਹ ਤੁਹਾਡੇ ਉੱਤੇ ਗਵਾਹੀ ਦੇ ਲਈ ਬੀਤੇਗਾ। ... ਮੈ ਤੁਹਾਨੂੰ ਇਹੋ ਜਿਹਾ ਮੂੰਹ ਅਤੇ ਬੁੱਧ ਦਿਆਂਗਾ ਜਿਹ ਦਾ ਤੁਹਾਡੇ ਸਾਰੇ ਵਿਰੋਧੀ ਸਾਹਮਣਾ ਜਾਂ ਖੰਡਣ ਨਾ ਕਰ ਸਕਣਗੇ (ਲੂਕਾ 21:12-15)।

ਰਾਜਪਾਲ ਸਾਹਮਣੇ ਖਲੋਤੇ ਪੌਲੁਸ ਨੇ ਇਹ ਵਾਅਦਾ ਯਾਦ ਰੱਖਿਆ।

ਉਹਨੇ ਇਸ ਇਲਜ਼ਾਮ ਦਾ ਕਿ ਉਹਨੇ ਦੰਗਾ ਕਰਵਾਇਆ, ਪਹਿਲਾਂ ਜਵਾਬ ਦਿੱਤਾ: ''ਤੁਸੀਂ ਜਾਣ ਸਕਦੇ ਹੋ ਜੋ ਬਾਰਾਂ ਦਿਨਾਂ ਤੋਂ ਵੱਧ[28] ਨਹੀਂ ਹੋਏ ਮੈਂ ਬੰਦਗੀ ਕਰਨ [ਭਾਵ ਗੜਬੜ ਕਰਾਉਣ ਨਹੀਂ] ਲਈ[29] ਯਰੂਸ਼ਲਮ ਨੂੰ ਗਿਆ ਸਾਂ'' (ਆਇਤ 11) । ਬਾਰਾਂ ਦਿਨਾਂ ਦੀ ਅਹਿਮੀਅਤ ਇਹ ਸੀ ਕਿ ਪੌਲੁਸ ਕੋਲ ਬਗ਼ਾਵਤ ਦੀ ਤਿਆਰੀ ਵਾਸਤੇ ਇਹ ਸਮਾਂ ਬੜਾ ਘੱਟ ਸੀ ਅਤੇ ਫਿਰ ਇਹ ਘਟਨਾਵਾਂ ਥੋੜ੍ਹੀ ਦੇਰ ਹੀ ਪਹਿਲਾਂ ਹੋਈਆਂ ਸਨ, ਇਸ ਕਰਕੇ

ਫ਼ੇਲਿਕਸ ਨੂੰ ਗਵਾਹ ਇਕੱਠੇ ਕਰਨ ਵਿਚ ਕੋਈ ਮੁਸ਼ਕਿਲ ਨਹੀਂ ਹੋਣੀ ਸੀ ਜੋ ਇਹ ਦੱਸ ਸਕਦੇ ਕਿ ਅਸਲ 'ਚ ਉੱਥੇ ਕੀ ਹੋਇਆ ਸੀ।

ਪੌਲੁਸ ਨੇ ਅੱਗੇ ਕਿਹਾ, ''ਅਤੇ ਉਨ੍ਹਾਂ ਨੇ ਹੈਕਲ ਵਿਚ ਮੈਨੂੰ ਕਿਸੇ ਦੇ ਨਾਲ ਬਹਿਸ ਕਰਦੇ ਜਾਂ ਲੋਕਾਂ ਵਿਚ ਬਲਵਾ ਮਚਾਉਂਦੇ ਨਹੀਂ ਵੇਖਿਆ, ਨਾ ਤਾਂ ਸਮਾਜਾਂ ਵਿਚ, ਨਾ ਸ਼ਹਿਰ ਵਿਚ'' (ਆਇਤ 12)। ਪੌਲੁਸ ਯਰੂਸ਼ਲਮ ਦੇ ਉਨ੍ਹਾਂ ਬਜ਼ੁਰਗਾਂ ਨੂੰ ਖ਼ਾਮੋਸ਼ ਕਰਨ ਦੀ ਕੋਸ਼ਿਸ਼ ਵਿਚ ਜਿਨ੍ਹਾਂ ਨੂੰ ਡਰ ਸੀ ਕਿ ਉਹਦੀ ਮੌਜੂਦਗੀ ਖ਼ਤਰਨਾਕ ਹੋ ਸਕਦੀ ਹੈ, ਯਰੂਸ਼ਲਮ ਵਿਚ ਚੁੱਪ ਰਿਹਾ (21:22)।[30]

ਫਿਰ ਰਸੂਲ ਪੌਲੁਸ ਨੇ ਆਪਣੇ ਮੁਦੱਈਆਂ ਨੂੰ ਉੱਥੋਂ ਹੀ ਫੜ੍ਹਿਆ: ''ਅਤੇ ਨਾ ਉਨ੍ਹਾਂ ਗੱਲਾਂ ਨੂੰ ਜਿਨ੍ਹਾਂ ਦਾ ਹੁਣ ਮੇਰੇ ਉੱਤੇ ਦੋਸ਼ ਲਾਉਂਦੇ ਹਨ ਤੁਹਾਡੇ ਅੱਗੇ ਸਾਬਤ ਕਰ ਸਕਦੇ ਹਨ'' (ਆਇਤ 13)। ਸਭਾ ਨੂੰ ਉਨ੍ਹਾਂ ਇਲਜ਼ਾਮਾਂ ਦੀ ਸਿੱਧੀ ਜਾਣਕਾਰੀ ਬਿਲਕੁਲ ਨਹੀਂ ਸੀ; ਉਨ੍ਹਾਂ ਨੇ ਸੁਣੀਆਂ-ਸੁਣਾਈਆਂ ਗੱਲਾਂ 'ਤੇ ਹੀ ਵਿਸ਼ਵਾਸ ਕੀਤਾ ਸੀ। ਉਹ ਕੋਈ ਗਵਾਹ ਨਹੀਂ ਲਿਆਏ ਸਨ, ਸਿਰਫ਼ ਉਨ੍ਹਾਂ ਕੋਲ ਇਕ ਚਾਪਲੂਸ ਵਕੀਲ ਸੀ। ਇਲਜ਼ਾਮ ਆਪਣੇ ਆਪ ਵਿਚ ਸਬੂਤ ਨਹੀਂ ਸੀ।

ਪਰ ਪੌਲੁਸ ਨੇ ਇਕ ਇਲਜ਼ਾਮ ਦੀ ਗ਼ਲਤੀ ਮੰਨ ਲਈ ਕਿ ਹਾਂ ਉਹ ਮਸੀਹੀ ਹੈ। ''ਪਰ ਮੈਂ ਤੁਹਾਡੇ ਅੱਗੇ ਇਹ ਮੰਨ ਲੈਂਦਾ ਹਾਂ ਭਈ ਜਿਸ ਰਾਹ ਨੂੰ ਉਹ ਕੁਰਾਹ[31] ਕਰਕੇ ਆਖਦੇ ਹਨ ਓਸੇ ਦੇ ਅਨੁਸਾਰ ਮੈਂ ਆਪਣੇ ਪਿਓ ਦਾਦਿਆਂ ਦੇ ਪ੍ਰਮੇਸ਼ਵਰ ਦੀ ਉਪਾਸਨਾ ਕਰਦਾ ਹਾਂ'' (ਆਇਤ 14ੳ)। ''ਆਪਣੇ ਪਿਓ ਦਾਦਿਆਂ'' ਵਾਕਾਂਸ਼ 'ਤੇ ਧਿਆਨ ਦਿਓ। ਉਹਨੇ ਅਜੇ ਵੀ ਆਪਣੀ ਪਛਾਣ ਨਾ ਸਿਰਫ਼ ਯਹੂਦੀਆਂ ਨਾਲ ਸਗੋਂ ਇਲਜ਼ਾਮ ਲਾਉਣ ਵਾਲਿਆਂ ਨਾਲ ਵੀ ਬਣਾਈ। ਉਹਨੇ ਕਿਹਾ, ''ਮੈਂ ਆਪਣੇ ਪਿਓ ਦਾਦਿਆਂ ਦੇ ਪ੍ਰਮੇਸ਼ਵਰ ਦੀ ਉਪਾਸਨਾ ਕਰਦਾ ਹਾਂ ਅਤੇ ਸਾਰੀਆਂ ਗੱਲਾਂ ਨੂੰ ਮੰਨਦਾ ਹਾਂ ਜਿਹੜੀਆਂ ਸ਼ਰ੍ਹਾ ਨਾਲ ਮਿਲਦੀਆਂ ਹਨ ਅਤੇ ਜਿਹੜੀਆਂ ਨਬੀਆਂ ਵਿਚ ਲਿਖੀਆਂ ਹੋਈਆਂ ਹਨ'' (ਆਇਤ 14ਅ)। ਉਹਨੇ ਯਹੂਦੀਆਂ ਦੀ ਧਰਮ ਪੁਸਤਕ ਨੂੰ ਨਕਾਰਿਆ ਨਹੀਂ ਕਿਉਂਕਿ ਅਸਲ 'ਚ ਉਹਦਾ ਵਿਸ਼ਵਾਸ ਸੀ ਕਿ ਉਹ ਧਰਮ ਪੁਸਤਕ ਆਉਣ ਵਾਲੇ ਮਸੀਹ ਅਤੇ ਉਹਦੇ ਰਾਜ ਦੀ ਨਬੂਵਤ ਕਰਦੀ ਹੈ। ''ਪੌਲੁਸ ਅਤੇ ਮੁੱਢਲੇ ਮਸੀਹੀ ਆਪਣੇ ਆਪ ਨੂੰ 'ਪਹਿਲਾਂ ਯਹੂਦੀ ਸਾਂ' ਨਹੀਂ ਸਗੋਂ 'ਪੂਰਨ ਹੋਏ ਯਹੂਦੀ' ਮੰਨਦੇ ਸਨ,''[32] ਜੋ ਅਬਰਾਹਮ ਦੀ ਔਲਾਦ ਸਨ (ਗਲਾਤੀਆਂ 3:29)।

''ਨਬੀਆਂ ਵਿਚ ਲਿਖੀਆਂ'' ਗੱਲਾਂ ਬਾਰੇ ਉਹਨੇ ਕਿਹਾ, ''ਅਤੇ ਪ੍ਰਮੇਸ਼ਵਰ ਤੋਂ ਇਹ ਆਸ ਰੱਖਦਾ ਹਾਂ ਜਿਹ ਦੀ ਇਹ ਆਪ ਵੀ ਉਡੀਕ ਕਰਦੇ ਹਨ ਕਿ ਭਾਵੇਂ ਧਰਮੀ, ਭਾਵੇਂ ਕੁਧਰਮੀ ਦੋਹਾਂ ਦਾ ਜੀ ਉੱਠਣਾ ਹੋਵੇਗਾ''[33] (ਆਇਤ 15)। ਪੁਰਾਣੇ ਨੇਮ ਦੇ ਨਬੀਆਂ ਨੇ ਜੀ ਉੱਠਣ ਦੀ ਗੱਲ ਕੀਤੀ ਸੀ (ਵੇਖੋ ਦਾਨੀਏਲ 12:2, 3)। ਸਦੂਕੀ ਮਸੀਹ ਦੇ ਜੀ ਉੱਠਣ ਵਿਚ ਵਿਸ਼ਵਾਸ ਨਹੀਂ ਕਰਦੇ ਸਨ, ਇਸ ਕਰਕੇ ਵਿਸ਼ਵਾਸ ਕਰਨ ਵਾਲੇ ਬਜ਼ੁਰਗਾਂ ਵਿੱਚੋਂ ਆਉਣ ਵਾਲੇ ਕੁਝ ਫ਼ਰੀਸੀ ਹੀ ਸਨ। ਇਸੇ ਕਰਕੇ ਪੌਲੁਸ ''ਆਸ ... ਜਿਹਦੀ ਇਹ ਆਪ ਵੀ ਉਡੀਕ ਕਰਦੇ ਹਨ''[34] ਦੀ ਗੱਲ ਕਰ ਸਕਿਆ ਸੀ।

ਜੀ ਉੱਠਣ ਦੀ ਧਾਰਨਾ ਹਿਸਾਬ ਦੇਣ ਦੇ ਉਸ ਦਿਨ ਬਾਰੇ ਪਹਿਲਾਂ ਤੋਂ ਦੱਸ ਦਿੰਦੀ ਹੈ, ਜਦ ਸਭ ਲੋਕ ਖ਼ੁਦਾ ਦੇ ਸਾਹਮਣੇ ਖਲੋ ਕੇ ਆਪੋ-ਆਪਣਾ ਹਿਸਾਬ ਦੇਣਗੇ। ਇਸੇ ਕਰਕੇ ਪੌਲੁਸ ਨੇ ਕਿਹਾ, ''ਮੈਂ ਆਪ ਵੀ ਇਸ ਵਿਚ ਯਤਨ ਕਰਦਾ ਹਾਂ[35] ਜੋ ਪ੍ਰਮੇਸ਼ਵਰ ਅਤੇ ਮਨੁੱਖਾਂ ਦੇ

ਸਾਹਮਣੇ ਕਦੇ ਮੇਰਾ ਮਨ ਮੈਨੂੰ ਦੋਸ਼ੀ ਨਾ ਕਰੇ''[36] (ਆਇਤ 16)। ਦੂਜੇ ਸ਼ਬਦਾਂ ਵਿਚ ਉਹ ਕਹਿ ਰਿਹਾ ਸੀ ਕਿ ''ਹੇ ਫ਼ੇਲਿਕਸ ਮੈਂ ਤੇਰੇ ਸਾਹਮਣੇ ਬੇਕਸੂਰ ਖੜਾ ਹਾਂ!''

ਇਕ ਇਲਜ਼ਾਮ ਜਿਹਦਾ ਅਜੇ ਤਕ ਜਵਾਬ ਨਹੀਂ ਦਿੱਤਾ ਗਿਆ ਸੀ ਉਹ ਸੀ ਹੈਕਲ ਨੂੰ ਭ੍ਰਿਸ਼ਟ ਕਰਨ ਦਾ। ਪੌਲੁਸ ਨੇ ਆਪਣੇ ਉਜ਼ਰ ਲਈ ਜੋ ਕੁਝ ਹਕੀਕਤ ਵਿਚ ਹੋਇਆ ਸੀ, ਉਹੀ ਦੱਸਦੇ ਸ਼ੁਰੂ ਕੀਤਾ: ''ਕਈ ਵਰ੍ਹਿਆਂ ਪਿੱਛੋਂ[37] ਮੈਂ ਆਪਣੀ ਕੌਮ ਦੇ ਲਈ ਦਾਨ ਪੁਚਾਉਣ[38] ਅਤੇ ਭੇਟ ਚੜ੍ਹਾਉਣ ਆਇਆ'' (ਆਇਤ 17)। ਪੌਲੁਸ ਵੱਲੋਂ ਲਿਜਾਂਦਾ ਗਿਆ ਚੰਦਾ ਕੁਝ ਖ਼ਾਸ ਯਹੂਦੀਆਂ (ਯਰੂਸ਼ਲਮ ਦੇ ਯਹੂਦੀ ਮਸੀਹੀਆਂ) ਲਈ ਸੀ, ਪਰ ਯਹੂਦੀਆਂ ਲਈ ਨਹੀਂ, ਸੋ ਉਹਦੀ ਗੱਲ ਕਿ ਉਹ ''ਆਪਣੀ ਕੌਮ'' ਲਈ ਲਿਆਇਆ ਸੀ, ਗ਼ਲਤ ਨਹੀਂ ਸੀ। ਫ਼ੇਲਿਕਸ ਨੂੰ ਜ਼ਰੂਰ ਹੀ ''ਦਾਨ ਅਤੇ ਭੇਟ'' ਸ਼ਬਦਾਂ ਦੀ ਸਮਝ ਆ ਗਈ ਹੋਵੇਗੀ।[39] ਜ਼ਾਹਿਰ ਤੌਰ 'ਤੇ ਇਹ ਯਹੂਦੀ ਖਾਂਦਾ ਪੀਂਦਾ ਅਤੇ/ਜਾਂ ਪ੍ਰਭਾਵਸ਼ਾਲੀ ਆਦਮੀ ਸੀ; ਸ਼ਾਇਦ ਉਹ ਹੋਰ ਫ਼ੰਡ ਇਕੱਠੇ ਕਰ ਸਕਦਾ ਸੀ (ਵੇਖੋ ਆਇਤ 26)।

ਪੌਲੁਸ ਨੇ ਆਪਣੀ ਗੱਲ ਜਾਰੀ ਰੱਖੀ, ''ਉਨ੍ਹਾਂ ਨੇ ਮੈਨੂੰ ਹੈਕਲ ਵਿਚ ਸ਼ੁੱਧ ਹੋਏ [ਵੇਖੋ 21:26] ਵੇਖਿਆ, ਨਾ ਤਾਂ ਭੀੜ ਅਤੇ ਨਾ ਰੌਲੇ ਨਾਲ'' (ਆਇਤ 18)। ਇਨ੍ਹਾਂ ਤੱਥਾਂ ਦਾ ਹੈਕਲ ਦੇ ਰਿਕਾਰਡ ਤੋਂ ਪਤਾ ਕੀਤਾ ਜਾ ਸਕਦਾ ਸੀ। ''ਪਰ ਅਸੀਆ ਦੇ ਕਈ ਯਹੂਦੀ ਸਨ[40] ਜਿਨ੍ਹਾਂ ਨੂੰ ਚਾਹੀਦਾ ਸੀ ਜੋ ਤੁਹਾਡੇ ਅੱਗੇ ਹਾਜ਼ਰ ਹੁੰਦੇ ਅਤੇ ਜੇ ਉਨ੍ਹਾਂ ਦਾ ਮੇਰੇ ਉੱਤੇ ਕੋਈ ਦਾਅਵਾ ਹੁੰਦਾ ਤਾਂ ਨਾਲਸ਼ ਕਰਦੇ'' (ਆਇਤ 19)। ਅਸੀਆ ਦੇ ਯਹੂਦੀ ਉਹੀ ਲੋਕ ਸਨ ਜਿਨ੍ਹਾਂ ਸ਼ੁਰੂ 'ਚ ਪੌਲੁਸ 'ਤੇ ਹੈਕਲ ਨੂੰ ਭ੍ਰਿਸ਼ਟ ਕਰਨ ਦਾ ਇਲਜ਼ਾਮ ਲਾਇਆ ਸੀ (21:27, 28); ਜੇ ਇਲਜ਼ਾਮ ਸਹੀ ਸਨ ਤਾਂ ਉਨ੍ਹਾਂ ਨੂੰ ਮੁਕੱਦਮੇ ਲਈ ਗਵਾਹਾਂ ਦੇ ਤੌਰ 'ਤੇ ਉੱਥੇ ਰਹਿਣਾ ਚਾਹੀਦਾ ਸੀ।[41] ਫੇਰ, ਪੌਲੁਸ ਨੇ ਇਹ ਸਾਬਤ ਕਰ ਦਿੱਤਾ ਕਿ ਯਹੂਦੀ ਆਗੂ ਉਨ੍ਹਾਂ ਇਲਜ਼ਾਮਾਂ ਨੂੰ ਸਾਬਤ ਨਹੀਂ ਕਰ ਸਕਦੇ ਸਨ ਜੋ ਉਨ੍ਹਾਂ ਉਸ 'ਤੇ ਲਾਏ ਸਨ (ਆਇਤ 13)।

ਪੌਲੁਸ ਨੇ ਮਹਾਂਸਭਾ ਦੇ ਮੈਂਬਰਾਂ ਨੂੰ ਸਿੱਧੀ ਚੁਣੌਤੀ ਦਿੰਦਿਆਂ ਨਿਚੋੜ ਕੱਢਿਆ:

> ਅਥਵਾ ਇਹੋ ਆਪ ਕਹਿ ਦੇਣ ਭਈ ਉਨ੍ਹਾਂ ਨੇ ਜਦ ਮੈਂ ਸਭਾ ਦੇ ਅੱਗੇ ਖੜਾ ਸਾਂ ਮੇਰੇ ਵਿਚ ਕੀ ਬੁਰਿਆਈ ਵੇਖੀ? ਬਿਨਾ ਇਸ ਇਕ ਗੱਲ ਦੇ ਜਿਹੜੀ ਮੈਂ ਉਨ੍ਹਾਂ ਵਿਚ ਖੜੇ ਪੁਕਾਰ ਕੇ ਆਖੀ ਸੀ ਭਈ ਮੁਰਦਿਆਂ ਦੇ ਜੀ ਉੱਠਣ ਦੇ ਵਿਖੇ ਅੱਜ ਮੇਰੇ ਉੱਤੇ ਦੋਸ਼ ਲਾਈਦਾ ਹੈ[42] (ਆਇਤਾਂ 20, 21)।

ਮੈਂ ਮਹਾਂ ਯਾਜਕ ਅਤੇ ਬਜ਼ੁਰਗਾਂ ਦੇ ਮੂੰਹ ਘਬਰਾਹਟ ਅਤੇ ਗੁੱਸੇ ਨਾਲ ਲਾਲ ਹੁੰਦੇ ਵੇਖਣ ਦੀ ਕਲਪਨਾ ਕਰ ਸਕਦਾ ਹਾਂ। ਪੌਲੁਸ ਦੇ ਸਭਾ ਸਾਹਮਣੇ ਖਲੋਤੇ ਹੋਣ ਤੇ ਉਨ੍ਹਾਂ ਨੇ ਉਸ 'ਤੇ ਸ਼ਰ੍ਹਾ ਨੂੰ ਤੋੜਨ ਦਾ ਕੋਈ ਇਲਜ਼ਾਮ ਨਹੀਂ ਲਾਇਆ ਸੀ।[43] ਪਰ ਉਹਦੇ ਇਹ ਪੁਕਾਰ ਉੱਠਣ 'ਤੇ ਕਿ ''ਮੁਰਦਿਆਂ ਦੇ ਜੀ ਉੱਠਣ ਦੇ ਵਿਖੇ ਮੇਰੇ 'ਤੇ ਦੋਸ਼ ਲੱਗ ਰਿਹਾ ਹੈ'' (ਵੇਖੋ 23:6-10) ਸਭਾ ਖ਼ੂੰਖਾਰ ਹੋ ਗਈ ਸੀ। ਉਨ੍ਹਾਂ ਕੋਲ ਪੌਲੁਸ ਦੀ ਗੱਲ ਦਾ ਕੋਈ ਜਵਾਬ ਨਹੀਂ ਸੀ, ਜਿਸ ਨਾਲ ਉਹ ਫ਼ੇਲਿਕਸ ਕੋਲ ਆਪਣੀ ਅਵਾਜ਼ ਉਠਾ ਸਕਦੇ।

ਆਪਣੇ ਮੁਦੱਈਆਂ ਸਾਹਮਣੇ ਫ਼ਤਿਹ ਪਾ ਚੁਕਾ ਪੌਲੁਸ ਰਾਜਪਾਲ ਦੇ ਫ਼ੈਸਲੇ ਦੀ ਉਡੀਕ ਕਰ ਰਿਹਾ ਸੀ। ਉਹਨੂੰ ਅਜ਼ਾਦ ਕਰ ਦਿੱਤਾ ਗਿਆ ਹੋਣਾ ਚਾਹੀਦਾ ਸੀ।

## ਸਮਝੌਤਾਵਾਦੀ ਫ਼ੈਸਲਾ (24:22, 23)

ਮੈਂ ਪਹਿਲਾਂ ਜ਼ਿਕਰ ਕੀਤਾ ਸੀ ਕਿ ਯਹੂਦੀ ਆਗੂ ਇਸ ਗੱਲ ਤੋਂ ਅਨਜਾਣ ਸਨ ਕਿ ਫ਼ੇਲਿਕਸ ਕੋਲ ਪਹਿਲਾਂ ਹੀ ਸੂਬੇਦਾਰ ਦੀ ਰਿਪੋਰਟ ਆਈ ਹੋਈ ਸੀ। ਉਨ੍ਹਾਂ ਨੂੰ ਇਹ ਵੀ ਖ਼ਿਆਲ ਨਹੀਂ ਸੀ ਕਿ ਰਾਜਪਾਲ ਨੂੰ ਮਸੀਹੀਅਤ ਦੀ ਥੋੜ੍ਹੀ ਬਹੁਤ ਸਮਝ ਸੀ। ਲੂਕਾ ਨੇ ਲਿਖਿਆ ਹੈ ਕਿ ਫ਼ੇਲਿਕਸ ''ਇਸ ਪੰਥ ਦੀਆਂ ਗੱਲਾਂ ਨੂੰ ਚੰਗੀ ਤਰਾਂ ਜਾਣਦਾ ਸੀ ...'' (ਆਇਤ 22)।[44] ਉਹਨੇ ਇਹ ਨਹੀਂ ਲਿਖਿਆ ਕਿ ਫ਼ੇਲਿਕਸ ਨੂੰ ਇਸ ''ਪੰਥ'' ਬਾਰੇ ਪਤਾ ਕਿਵੇਂ ਲੱਗਾ। ਸ਼ਾਇਦ ਕੁਰਨੇਲਿਉਸ ਨਾਂਅ ਦੇ ਰੋਮੀ ਅਧਿਕਾਰੀ (10:1-48) ਨੇ ਆਪਣੇ ਵਿਸ਼ਵਾਸ ਬਾਰੇ ਇਸ ਰਾਜਪਾਲ ਨੂੰ ਦੱਸਿਆ ਹੋਵੇਗਾ। ਸ਼ਾਇਦ ਫ਼ੇਲਿਕਸ ਨੇ ਇੰਜੀਲ ਦੇ ਪ੍ਰਚਾਰਕ ਫ਼ਿਲਿੱਪੁਸ ਤੋਂ ਸੁਣਿਆ ਸੀ (8:40; 21:8), ਜਦ ਉਹ ''ਖ਼ੁਸ਼ਖਬਰੀ ਦਾ ਪ੍ਰਚਾਰ'' ਕਰ ਰਿਹਾ ਸੀ (8:35)। ਸ਼ਾਇਦ ਰਾਜਪਾਲ ਹੋਣ ਕਰਕੇ ਉਹ ਇਸ ਗੱਲ ਦੀ ਖ਼ਬਰ ਲੈਂਦਾ ਰਹਿੰਦਾ ਸੀ ਕਿ ਕਿੱਥੇ ਕੀ ਹੋ ਰਿਹਾ ਹੈ। ਪਰ ਸਪਸ਼ਟ ਤੌਰ 'ਤੇ ਫ਼ੇਲਿਕਸ ਦਾ ਇਹ ਗਿਆਨ ਉਹਦੇ ਦਿਮਾਗ਼ ਤਕ ਹੀ ਪਹੁੰਚਿਆ ਸੀ, ਦਿਲ ਤਕ ਨਹੀਂ। ''ਉਹਨੇ ਰੋਸ਼ਨੀ ਤਾਂ ਵੇਖੀ ਪਰ ਹਨੇਰੇ ਵਿਚ ਰਹਿਣ ਨੂੰ ਪਹਿਲ ਦਿੱਤੀ ਸੀ।''

ਉਹਦੇ ਗਿਆਨ ਨਾਲ ਉਹਦੀ ਜ਼ਿੰਦਗੀ ਨਹੀਂ ਬਦਲੀ ਪਰ ਇਸ ਨਾਲ ਫ਼ੇਲਿਕਸ ਯਹੂਦੀ ਵਫ਼ਦ ਦੀ ਚਾਲ ਵਿਚ ਆਉਣ ਤੋਂ ਬਚ ਗਿਆ। ਪੌਲੁਸ 'ਤੇ ਜ਼ਾਹਿਰ ਤੌਰ 'ਤੇ ''ਮਾਰ ਦਿੱਤੇ ਜਾਣ ਜਾਂ ਕੈਦ ਦੇ ਯੋਗ'' ਕੋਈ ਇਲਜ਼ਾਮ ਨਹੀਂ ਸੀ (23:29) ਜਿਸ ਕਰਕੇ ਉਹਨੂੰ ਛੱਡ ਦਿੱਤਾ ਜਾਣਾ ਚਾਹੀਦਾ ਸੀ,[45] ਪਰ ਰਾਜਪਾਲ ਦੀ ਦਿਲਚਸਪੀ ਨਿਆਂ ਨਾਲੋਂ ਵੱਧ ਯਹੂਦੀਆਂ ਨੂੰ ਆਪਣੇ ਨਾਲ ਰਲਾਈ ਰੱਖਣ ਵਿਚ ਸੀ (ਵੇਖੋ 24:27)। ਇਹਦੇ ਇਲਾਵਾ ਉਹ ਪਹਿਲਾਂ ਤੋਂ ਹੀ ਇਹ ਸੋਚ ਰਿਹਾ ਸੀ ਉਹ ਉਸ ਧਨ 'ਤੇ ਆਪਣੇ ਲਾਲਚੀ ਹੱਥ ਕਿਵੇਂ ਪਾਵੇ ਜਿਹਦਾ ਜ਼ਿਕਰ ਪੌਲੁਸ ਨੇ ਕੀਤਾ ਸੀ (ਵੇਖੋ ਆਇਤ 26)।

ਇਸ ਲਈ ਫ਼ੇਲਿਕਸ ਨੇ ਵਫ਼ਦ ਨੂੰ ਇਹ ਕਹਿ ਕੇ ਟਾਲ ਦਿੱਤਾ ਕਿ ''ਜਦ ਲੂਸੀਅਸ ਫ਼ੌਜ ਦਾ ਸਰਦਾਰ ਆਊ ਤਾਂ ਮੈਂ ਤੁਹਾਡੀਆਂ ਗੱਲਾਂ ਦਾ ਨਬੇੜਾਂ ਕਰਾਂਗਾ'' (ਆਇਤ 22ਅ)। ਇਹਦਾ ਕੋਈ ਸੰਕੇਤ ਨਹੀਂ ਹੈ ਕਿ ਫ਼ੇਲਿਕਸ ਨੇ ਲੁਸਿਅਸ ਨੂੰ ਸੱਦਿਆ ਜਾਂ ਉਹ ਸਰਦਾਰ ਉਸ ਮਾਮਲੇ ਦੀ ਜਾਂਚ ਕਰਵਾਉਣ ਲਈ ਕਦੇ ਕੈਸਰੀਆ ਵਿਚ ਆਇਆ।[46] ਰਾਜਪਾਲ ਦੀਆਂ ਗੱਲਾਂ ਫ਼ੈਸਲਾ ਨਾ ਲੈਣ ਲਈ ਟਾਲਣ ਵਾਸਤੇ ਹੀ ਸਨ। ਫ਼ੇਲਿਕਸ ਨੇ ਆਪਣੀਆਂ ਗੱਲਾਂ ਨਾਲ ਉਨ੍ਹਾਂ ਨੂੰ ਟਾਲ ਦਿੱਤਾ (ਵੇਖੋ ਆਇਤ 25)। ਯਹੂਦੀ ਰਹਿਨੁਮਾਵਾਂ ਨੇ ਇਸ ਮਾਮਲੇ ਨੂੰ ਫ਼ੇਲਿਕਸ ਦੀ ਥਾਂ ਕਿਸੇ ਹੋਰ ਦੇ ਆਉਣ ਤਕ ਰੋਕ ਦੇਣ ਦਾ ਫ਼ੈਸਲਾ ਕੀਤਾ (25:1, 2)।

ਓਸੇ ਵੇਲੇ ਫ਼ੇਲਿਕਸ ਨੇ ''ਸੂਬੇਦਾਰ ਨੂੰ ਹੁਕਮ ਦਿੱਤਾ ਜੋ ਪੌਲੁਸ ਨੂੰ ਨਜ਼ਰ ਬੰਦ ਰੱਖ ਅਤੇ ਉਹ ਨੂੰ ਚੈਨ ਕਰਨ ਦਿਹ ਅਤੇ ਉਸ ਦੇ ਆਪਣਿਆਂ ਵਿੱਚੋਂ ਕਿਸੇ ਨੂੰ ਉਹ ਦੀ ਪਹਿਲ ਕਰਨ ਤੋਂ ਨਾ ਰੋਕ'' (ਆਇਤ 24:23)। ਇਸ ਰਸੂਲ ਦੀ ਹਾਲਤ ਲਗਭਗ ਉਹੀ ਹੀ ਸੀ ਜਿਹੜੀ ਰੋਮ ਵਿਚ ਇਕ ਸਿਪਾਹੀ ਨਾਲ ਉਸਨੂੰ ਬੰਨ੍ਹ ਕੇ ਰੱਖਣ ਵੇਲੇ ਸੀ (28:16, 20) ਪਰ ''ਜੋ ਉਹਦੇ ਕੋਲ ਆਉਂਦੇ ਸਨ'' (28:30) ਉਹ ਉਨ੍ਹਾਂ ਦੀ ਆਓ-ਭਗਤ ਕਰ ਸਕਦਾ ਸੀ।

ਪੌਲੁਸ ਨੇ ਅਗਲੇ ਦੋ ਸਾਲ ਇਸੇ ਤਰ੍ਹਾਂ ਕੱਟੇ (24:27)। ਉਸ ਦੌਰਾਨ ਖ਼ੁਦਾ ਦੀ ਯੋਜਨਾ ਬਾਰੇ ਪੌਲੁਸ ਜ਼ਰੂਰ ਹੈਰਾਨ ਹੋਇਆ ਹੋਵੇਗਾ। ਇੰਜ ਲਗਦਾ ਸੀ ਜਿਵੇਂ ਉਹ ਰੋਮ ਦੇ ਨੇੜੇ ਨਹੀਂ ਸੀ ਅਤੇ ਘੁੰਮ ਕੇ ਪ੍ਰਚਾਰ ਵੀ ਨਹੀਂ ਕਰ ਸਕਦਾ ਸੀ। ਸ਼ਾਇਦ ਉਹ ਕਾਲ-ਕੋਠਰੀ ਵਿਚ ਬੈਠ ਕੇ

ਲਿਖਦਾ[47] ਜਿਵੇਂ ਉਹਨੇ ਬਾਅਦ ਵਿਚ ਰੋਮ 'ਚ ਕੀਤਾ (28:31)। ਸ਼ਾਇਦ ਖ਼ੁਦਾ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਵਿਚ ਮਿਲਣ ਵਾਲੀਆਂ ਸਰੀਰਕ ਅਤੇ ਮਾਨਸਿਕ ਤਕਲੀਫ਼ਾਂ ਤੋਂ ਨਿੱਕਲਣ ਲਈ ਉਹਨੂੰ ਸਮਾਂ ਦੇ ਰਿਹਾ ਸੀ।

ਬਹੁਤ ਸਾਰੇ ਲੇਖਕਾਂ ਦਾ ਵਿਚਾਰ ਹੈ ਕਿ ਇਸ ਦੋ ਸਾਲ ਦੇ ਵਕਫ਼ੇ ਨਾਲ ਲੂਕਾ ਨੂੰ ਇੰਜੀਲ ਦੇ ਆਪਣੇ ਬ੍ਰਿਤਾਂਤ ਅਤੇ ਰਸੂਲਾਂ ਦੇ ਕੰਮ ਕਿਤਾਬ ਦੀ ਖੋਜ ਅਤੇ ਲੇਖਣੀ ਨੂੰ ਪੂਰਾ ਕਰਨ ਦਾ ਮੌਕਾ ਮਿਲ ਗਿਆ।[48] ਉਨ੍ਹਾਂ ਮਹੀਨਿਆਂ ਦੌਰਾਨ ਲੂਕਾ ਯਿਸੂ ਦੀ ਜ਼ਿੰਦਗੀ ਅਤੇ ਯਰੂਸ਼ਲਮ ਵਿਚ ਕਲੀਸੀਆ ਦੇ ਸ਼ੁਰੂਆਤੀ ਦਿਨਾਂ ਦੀ ਘਟਨਾ ਦੇ ਕਈ ਮੁੱਖ ਕਿਰਦਾਰਾਂ ਨਾਲ ਗੱਲਬਾਤ ਕਰ ਸਕਿਆ ਹੋਵੇਗਾ (ਵੇਖੋ ਲੂਕਾ 1:3)। ਉਹ ਪੌਲੁਸ ਨਾਲ ਉਹਦੀ ਸੇਵਕਾਈ ਅਤੇ ਸਫ਼ਰਾਂ ਦੀ ਸਮੀਖਿਆ ਲਈ ਘੰਟਿਆਂ ਦਾ ਸਮਾਂ ਬਿਤਾ ਸਕਿਆ ਹੋਵੇਗਾ। ਬਰਟਨ ਕਾਫ਼ਮੈਨ ਨੇ ਕਿਹਾ ਹੈ:

> ਲੂਕਾ ਦੀ ਬੜੀ ਮਿਹਨਤ ਨਾਲ ਮਸੀਹੀਅਤ ਦੀ ਜਲਾਲੀ ਸ਼ੁਰੂਆਤ ਦੇ ਗਵਾਹਾਂ ਦੀ ਪੜਤਾਲ ਅਤੇ ਗੱਲਬਾਤ ਦੇ ਮਾਮਲੇ ਵਿਚ, ਉਸ ਫ਼ਜ਼ਲ ਭਰੇ ਇੰਤਜ਼ਾਮ ਨੂੰ ਵੇਖਿਆ ਜਾ ਸਕਦਾ ਹੈ ਜੋ ਪੌਲੁਸ ਰਸੂਲ ਵੱਲੋਂ ਸਹੇ ਗਏ ਜ਼ੁਲਮ 'ਤੇ ਹਾਵੀ ਰਿਹਾ, ਉਸ ਤਕਲੀਫ਼ ਨਾਲ ਪਿਆਰੇ ਵੈਦ ਲੂਕਾ ਨੂੰ ਬੇਸ਼ਕੀਮਤੀ ਕਿਤਾਬਾਂ ਲਿਖਣ ਦਾ ਵਕਤ ਮਿਲ ਗਿਆ।[49]

ਖ਼ੁਦਾ ਦੇ ਮਕਸਦ ਜੋ ਵੀ ਰਹੇ ਹੋਣ, ਪੌਲੁਸ ਨੇ ਆਪਣੇ ਆਪ ਨੂੰ ਉਨ੍ਹਾਂ ਦੇ ਸਪੁਰਦ ਕਰ ਦਿੱਤਾ ਸੀ। ਯਾਦ ਰੱਖੋ ਕਿ ਜ਼ੇਲ੍ਹ ਦੀ ਇਕ ਕੋਠਰੀ ਵਿੱਚੋਂ ਹੀ ਉਹਨੇ ਲਿਖਿਆ ਹੈ ਕਿ ''ਪ੍ਰਭੂ ਵਿਚ ਸਦਾ ਆਨੰਦ ਕਰੋ। ਫੇਰ ਕਹਿੰਦਾ ਹਾਂ, ਆਨੰਦ ਕਰੋ'' (ਫ਼ਿਲਿੱਪੀਆਂ 4:4)।

## ਸਾਰ

ਅੰਟੋਨੀਆ ਦੇ ਮਹਿਲ ਵਿਚ ਇਕ ਸੂਬੇਦਾਰ ਨੇ ਇਸ ਰਸੂਲ ਨੂੰ ''ਪੌਲੁਸ ਕੈਦੀ'' ਕਿਹਾ (23:18)। ਉਹ ਵਾਕਾਂਸ਼ ਰਸੂਲਾਂ ਦੇ ਕੰਮ ਕਿਤਾਬ ਦੇ ਆਖ਼ਰੀ ਸੱਤ ਅਧਿਆਇਆਂ ਵਿਚ ਪੌਲੁਸ ਦੀ ਤਸਵੀਰ ਵਿਖਾਉਂਦਾ ਹੈ। ਪੌਲੁਸ ਨੇ ਆਪਣੇ ਆਪ ਨੂੰ ''ਯਿਸੂ ਮਸੀਹ ਦਾ ਕੈਦੀ'' (ਅਫ਼ਸੀਆਂ 3:1) ਅਤੇ ''ਪ੍ਰਭੂ ਦੇ ਨਮਿੱਤ ਕੈਦੀ'' (ਅਫ਼ਸੀਆਂ 4:1) ਕਿਹਾ। ਧਿਆਨ ਦਿਓ ਕਿ ਪੌਲੁਸ ਨੇ ਆਪਣੇ ਆਪ ਨੂੰ *ਰੋਮ* ਦਾ ਕੈਦੀ ਨਹੀਂ ਕਿਹਾ, ਸਗੋਂ ''*ਪ੍ਰਭੂ ਦਾ* ਕੈਦੀ'' ਮੰਨਿਆ! ਪੌਲੁਸ ਨੂੰ ਉਹਦਾ ਹਿੱਸਾ ਮਿਲ ਗਿਆ ਸੀ ਕਿਉਂਕਿ ਉਹਦਾ ਵਿਸ਼ਵਾਸ ਸੀ ਕਿ ਜਿੱਥੇ ਉਹਨੂੰ ਹੋਣਾ ਚਾਹੀਦਾ ਹੈ *ਪ੍ਰਭੂ* ਨੇ ਉਹਨੂੰ ਉੱਥੇ ਹੀ ਰੱਖਿਆ ਹੈ; ਉਹਦਾ ਵਿਸ਼ਵਾਸ ਸੀ ਕਿ ਪ੍ਰਭੂ ਉਸ ਨਾਲੋਂ ਬਿਹਤਰ ਜਾਣਦਾ ਹੈ ਅਤੇ ਉਹ ਉਸ ਵਿੱਚੋਂ ਭਲਾਈ ਕੱਢ ਲਵੇਗਾ!

ਕਈ ਮਸੀਹੀ ਹਕੀਕਤ ਵਿਚ ਕੈਦੀ ਹਨ। ਬਹੁਤ ਸਾਰੇ ਆਪਣੇ ਆਪ ਨੂੰ ਉਨ੍ਹਾਂ ਹਾਲਾਤ ਵਿਚ ਫ਼ਸਿਆ ਪਾਉਂਦੇ ਹਨ, ਜੋ ਉਨ੍ਹਾਂ ਦੇ ਵੱਸੋਂ ਬਾਹਰ ਦੀ ਗੱਲ ਹੈ। ਜੇ ਤੁਹਾਨੂੰ ਅਜਿਹਾ ਲਗਦਾ ਹੈ, ਤਾਂ ਕੀ ਤੁਸੀਂ ਉਸ ਹਾਲਤ ਵਿਚ ਪੁੱਜ ਗਏ ਹੋ ਜਿਸ ਵਿਚ ਪੌਲੁਸ ਸੀ, ਜਾਂ ਤੁਸੀਂ ਉਨ੍ਹਾਂ ਹਾਲਾਤਾਂ ਨਾਲ ਚਿੜੇ ਹੋਏ ਅਤੇ ਫ਼ਿਕਰਮੰਦ ਹੋ ਜਿਨ੍ਹਾਂ ਨੂੰ ਤੁਸੀਂ ਬਦਲ ਨਹੀਂ ਸਕਦੇ? ਇਕ ਵਾਰ ਹੰਬਲਾ ਮਾਰ ਕੇ ਕੀ ਤੁਸੀਂ ਮਾਮਲਾ ਖ਼ੁਦਾ ਦੇ ਹੱਥ ਵਿਚ ਦੇਣ ਲਈ ਤਿਆਰ ਹੋ?

ਵੀਨਸ, ਟੈਕਸਸ ਦੀ ਜ਼ੇਲ੍ਹ ਵਿਚ ਰਹਿਣ ਵਾਲਿਆਂ ਨਾਲ ਕੰਮ ਕਰਦਿਆਂ ਮੈਂ ਜੇਲ੍ਹ ਦੀਆਂ

ਕੰਧਾਂ ਪਿੱਛੇ ਬਹੁਤ ਸਾਰੇ ਅਜਿਹੇ ਲੋਕ ਵੇਖੇ ਜੋ ਰੂਹਾਨੀ ਅਤੇ ਦਿਮਾਗ਼ੀ ਤੌਰ 'ਤੇ ਮਸੀਹ ਵਿਚ ਅਜ਼ਾਦ ਸਨ (ਰੋਮੀਆ 8:2; ਗਲਾਤੀਆਂ 5:1)। ਜੇਲ੍ਹ ਦੇ ਬਾਹਰ ਮੈਂ ਲੋਕਾਂ ਨੂੰ ਪਾਪ (ਰੋਮੀਆਂ 6:17) ਅਤੇ ਆਪਣੇ ਵੀ ਖ਼ੌਫ਼ (ਲੇਵੀਆਂ ਦੀ ਪੋਥੀ 26:17) ਨਾਲ ਕੈਦੀ ਪਾਇਆ ਹੈ। ਅਜ਼ਾਦ ਹੋਣ ਜਾਂ ਜ਼ਿੰਦਗੀ ਦੀ ਕੈਦ ਵਿਚ ਹੋਣ ਬੁਨਿਆਦੀ ਤੌਰ 'ਤੇ ਮਨ ਦੀ ਇਕ ਹਾਲਤ ਹੈ। ਪ੍ਰਭੂ ਨਾਲ ਪਿਆਰ ਕਰਨ ਵਾਲਿਆਂ ਨੂੰ ਰਿਚਰਡ ਲਵਲੈੱਸ ਦੇ ਸ਼ਬਦਾਂ ਵਿਚ ਹਕੀਕਤ ਨਜ਼ਰ ਆਉਂਦੀ ਹੈ, ''ਨਾ ਤਾਂ ਪੱਥਰ ਦੀਆਂ ਦੀਵਾਰਾਂ ਨਾਲ ਜੇਲ੍ਹ ਬਣਦੀ ਹੈ ਅਤੇ ਨਾ ਲੋਹੇ ਦੀਆਂ ਸਲਾਖਾਂ ਨਾਲ ਪਿੰਜਰਾ''![50]

## ਸਰਮਨ ਨੋਟਸ

ਸੀ. ਬਰੂਸ ਵਾਈਟ ਨੇ ਅਧਿਆਇ 24 ਨੂੰ ਇੱਕੋ ਪਾਠ ਵਿਚ ਦੱਸਿਆ ਹੈ: (1) ਝੂਠੀ ਗਵਾਹੀ (ਆਇਤਾਂ 1-9); (2) ਸਾਫ਼ ਜਵਾਬ (ਆਇਤਾਂ 10-23); (3) ਮਜ਼ਬੂਤ ਉਪਦੇਸ਼ (ਆਇਤਾਂ 24, 25); (4) ਭਿਆਨਕ ਜਵਾਬ (ਆਇਤਾਂ 25-27) (ਅਣਛਪਿਆ ਸਰਮਨ)।

ਵਾਰੇਨ ਡਬਲਊ. ਵਿਅਰਸਬੇ ਨੇ ਇਨ੍ਹਾਂ ਅਧਿਆਇਆਂ ਨੂੰ ਮੁੱਖ ਕਿਰਦਾਰਾਂ ਮੁਤਾਬਕ ਵੰਡਿਆ: (1) ਤਰਤੁੱਲੁਸ: ਝੂਠਾ ਇਲਜ਼ਾਮ (ਆਇਤਾਂ 1-9); (2) ਪੌਲੁਸ: ਇਮਾਨਦਾਰੀ ਵਾਲੇ ਜਵਾਬ (ਆਇਤਾਂ 10-21); (3) ਫ਼ੇਲਿਕਸ: ਬੇਵਕੂਫ਼ੀ ਵਾਲੇ ਵਿਹਾਰ (ਆਇਤਾਂ 22-27)। (*ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ,* ਅੰਕ 1)।

---

ਟਿੱਪਣੀਆਂ

[1]ਕਈ ਕਿਤਾਬਾਂ ਵਿਚ ਇਹ ਚਿੱਠੀ ਕਈ ਰੂਪਾਂ ਵਿਚ ਮਿਲਦੀ ਹੈ। ਮੇਰੇ ਰੂਪਾਂਤਰਨ ਵਿਚ ਇਸ ਨੂੰ ਕਈ ਰੂਪਾਂਤਰਾਂ ਤੋਂ ਲਿਆ ਗਿਆ ਹੈ। [2]ਪ੍ਰਭੂ ਵੱਲੋਂ ਦਰਸ਼ਣ ਦੇਣ ਤੋਂ *ਬਾਅਦ* ਪੌਲੁਸ ਦਾ ਇਹ ਵਿਹਾਰ ਬਣਿਆ ਸੀ (23:11)। ਇਸ ਕਿਤਾਬ ਵਿਚ ''ਉਮੀਦ ਫੇਰ ਤੋਂ ਜਗੀ'' ਪਾਠ ਵੇਖੋ। [3]ਯਰੂਸ਼ਲਮ ਵਿਚ ਗੁਜ਼ਾਰੇ ਥੋੜ੍ਹੇ ਸਮੇਂ *ਨਾਲ* ਰੋਮ ਦੇ ਸਫ਼ਰ *ਨਾਲ* 28:30 ਦੇ ਬਾਅਦ ਪੌਲੁਸ ਵੱਲੋਂ ਕੈਦ ਵਿਚ ਗ਼ੁਜ਼ਾਰੇ ਸਮੇਂ ਨੂੰ ਕੈਸਰੀਆ ਵਿਚ ਗੁਜ਼ਾਰੇ ਦੋ ਸਾਲਾਂ ਅਤੇ ਰੋਮ ਵਿਚ ਗ਼ੁਜ਼ਾਰੇ ਦੋ ਸਾਲਾਂ *ਨਾਲ* ਜੋੜਨ 'ਤੇ *ਕੁਲ ਜੋੜ* ਘੱਟੋ-ਘੱਟ ਪੰਜ ਸਾਲ ਬਣਦਾ ਹੈ। [4]ਪਿਛਲੇ ਪਾਠ ਵਿਚ ਰਸੂਲਾਂ ਦੇ ਕੰਮ 23:30 'ਤੇ ਨੋਟਸ ਵੇਖੋ। [5]ਇਹ ਕੈਸਰੀਆ ਵਿਚ ਪੌਲੁਸ ਦੇ ਪਹੁੰਚਣ ਦੇ ਪੰਜ ਦਿਨ ਬਾਅਦ ਹੋਵੇਗਾ, ਪਰ ਯਹੂਦੀਆਂ ਨੂੰ ਇਹਦਾ ਪਤਾ ਲੱਗਣ ਦੇ ਕਿ ਉਹ ਜਾ ਚੁਕਾ ਹੈ, ਪੰਜ ਦਿਨ ਬਾਅਦ ਹੋ ਸਕਦਾ ਹੈ। [6]ਇਸ ਕਿਤਾਬ ਵਿਚ ਰਸੂਲਾਂ ਦੇ ਕੰਮ 23:2 'ਤੇ ਨੋਟਸ ਵੇਖੋ। [7]ਇਹ ''ਬਜ਼ੁਰਗ'' ਸਭਾ ਦੇ ਹੋਰ ਮੈਂਬਰ ਹੋਣਗੇ। [8]ਤਰਤੁੱਲੁਸ ਇਕ ਲਾਤੀਨੀ ਨਾਂਅ ਹੈ (''ਤਰਤੁੱਲੁਸ '' ''ਤੀਜਾ'' ਲਈ ਲਾਤੀਨੀ ਸ਼ਬਦ ਦਾ ਛੋਟਾ ਰੂਪ ਹੈ); ਸਾਨੂੰ ਨਹੀਂ ਪਤਾ ਕਿ ਉਹ ਰੋਮੀ ਸੀ ਜਾਂ ਯੂਨਾਨੀ ਭਾਸ਼ਾ ਬੋਲਣ ਵਾਲਾ ਯਹੂਦੀ। [9]ਯੂਨਾਨੀ ਸ਼ਬਦ ਦੇ ਅਨੁਵਾਦ ''ਵਕੀਲ'' ਦਾ ਸ਼ਬਦੀ ਅਰਥ ਹੈ ''ਬੁਲਾਰਾ'' (ਵੇਖੋ KJV); ਤਰਤੁੱਲੁਸ ਨੇ ਕਾਨੂੰਨ ਦੀ ਪੜ੍ਹਾਈ ਕੀਤੀ ਹੋਈ ਸੀ। [10]ਯਰੂਸ਼ਲਮ ਸਮੁੰਦਰ ਤਲ ਤੋਂ 2,400 ਕੁ ਫ਼ੁੱਟ ਉੱਪਰ ਸੀ; ਕੈਸਰੀਆ ਕੰਢੇ 'ਤੇ ਸੀ।

[11]ਫ਼ੇਲਿਕਸ ਦੇ ਤੀਜੇ ਨਾਂਅ ਬਾਰੇ ਇੱਥੇ ਸਵਾਲ ਹੈ। ਬਹੁਤ ਸਾਰੇ ਵਿਦਵਾਨ ਇਹ ਵੀ ਮੰਨਦੇ ਹਨ ਕਿ ਇਹ ''ਮਰਕੁਸ'' ਸੀ। [12]ਸਮੇਂ-ਸਮੇਂ 'ਤੇ, ਯਹੂਦੀਆ ਦਾ ਇੰਤਜ਼ਾਮ ਹਾਕਮਾਂ ਵੱਲੋਂ ਕੀਤਾ ਜਾਂਦਾ ਸੀ, ਜੋ ਰੋਮ ਦੇ ਨੁਮਾਇੰਦੇ ਹੁੰਦੇ ਸਨ। ਪਿਲਾਤੁਸ ਉਨ੍ਹਾਂ ਵਿੱਚੋਂ ਇਕ ਸੀ (ਮੱਤੀ 27:2)। ਰਸੂਲਾਂ ਦੇ ਕੰਮ ਕਿਤਾਬ ਵਿਚ ਜਿਨ੍ਹਾਂ ਹੋਰ ਰਾਜਪਾਲਾਂ ਦਾ ਨਾਂਅ ਦਿੱਤਾ ਗਿਆ ਹੈ ਉਹ ਫ਼ੇਲਿਕਸ (ਵੇਖੋ 23:24, 26) ਅਤੇ ਫੇਸਤੁਸ (ਫੇਸਤੁਸ ਬਾਰੇ ਅਸੀਂ

ਅਧਿਆਇ 25 ਅਤੇ 26 ਵਿਚ ਅਧਿਐੱਨ ਕਰਾਂਗੇ) ਹੀ ਹਨ। [13]ਵਿਲੀਅਮ ਬਾਰਕਲੇ, *ਦ ਐਕਟਸ ਆਫ਼ ਦੇ ਅਪੋਸਲਟਜ਼,* ਦ ਡੇਲੀ ਸਟੱਡੀ ਬਾਈਬਲ ਸੀਰੀਜ਼, ਸੋਧਿਆ ਅੰਕ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1976), 168. ਖ਼ੁਸ਼ਾਮਦ ਪ੍ਰਤੀ ਖ਼ੁਦਾ ਦੇ ਵਿਹਾਰ ਲਈ, ਪੜ੍ਹੋ ਕਹਾਉਤਾਂ 26:28. [14]ਇਹੋ ਜਿਹੀ ਇਕ ਬਗ਼ਾਵਤ ਦੀ ਮਿਸਾਲ ਲਈ, ''ਪੌਲੁਸ ਤੂੰ ਕੀ ਕੀਤਾ?'' ਪਾਠ ਵਿਚ ਰਸੂਲਾਂ ਦੇ ਕੰਮ 21:38 'ਤੇ ਨੋਟਸ ਵੇਖੋ। [15]ਵੇਖੋ ਰਸੂਲਾਂ ਦੇ ਕੰਮ 13:50; 14:5, 19; 17:5-9, 13:18; 12:16; 19:23-41. [16]ਅਨੁਵਾਦ ਹੋਏ ਸ਼ਬਦ ''ਪੰਥ'' ਲਈ ਯੂਨਾਨੀ ਸ਼ਬਦ *Hairesis* ਹੈ, ਜਿਸ ਤੋਂ ਅੰਗ੍ਰੇਜ਼ੀ ਸ਼ਬਦ ''heresy'' (ਕੁਫ਼ਰ) ਨਿੱਕਲਿਆ ਹੈ। [17]ਵੇਖੋ ਮੱਤੀ 2:23; 21:11; 26:71; ਮਰਕੁਸ 1:24; ਲੂਕਾ 4:34; 18:37; ਯੂਹੰਨਾ 1:45. [18]ਯਿਸੂ ਦੇ ਪੈਰੋਕਾਰਾਂ ਲਈ ਆਪਣੇ ਆਪ ਨੂੰ ''ਨਾਸਰੀ'' ਅਖਵਾਉਣ ਦਾ ਇਸ ਆਇਤ ਵਿਚ ਕੋਈ ਇਖ਼ਤਿਆਰ ਨਹੀਂ ਮਿਲਦਾ। [19]ਇਕ ਕਿਤਾਬ ਵਿਚ ਰਸੂਲਾਂ ਦੇ ਕੰਮ 18:13 'ਤੇ ਨੋਟਸ ਵੇਖੋ। [20]ਇਸ ਕਿਤਾਬ ਵਿਚ ਰਸੂਲਾਂ ਦੇ ਕੰਮ 21:28, 29 'ਤੇ ਨੋਟਸ ਵੇਖੋ।

[21]ਵਾਰੇਨ ਡਬਲਊ. ਵਿਅਰਸਬੇ, *ਦ ਬਾਈਬਨ ਐਕਸਪੋਜ਼ਿਸ਼ਨ ਕਮੈਂਟਰੀ,* ਅੰਕ 1 (ਵ੍ਹੀਟਨ, ਇਲੀਨੋਇਸ: ਵਿਕਟਰ ਬੁਕਸ, 1989), 499. [22]NASB ਦੇ ਇਕ ਪੁਰਾਣੇ ਅੰਕ ਵਿਚ ਇਸ ਆਇਤ ਨੂੰ ਟਿੱਪਣੀ ਵਿਚ ਰੱਖਿਆ ਗਿਆ ਹੈ, ਪਰ ਬਾਅਦ ਦੇ ਅੰਕ ਵਿਚ ਜੋ ਇਸ ਵੇਲੇ ਮੇਰੇ ਕੋਲ ਹੈ ਇਹ ਬ੍ਰੈਕਟਾਂ ਵਿਚ ਨਿਖੇੜ ਕੇ ਜੋੜ ਦਿੱਤਾ ਗਿਆ ਹੈ। [23]ਸਾਈਮਨ ਜੇ. ਕਿਸਟਮੇਕਰ, *ਨਿਊ ਟੈਸਟਾਮੈਂਟ ਕਮੈਂਟਰੀ: ਐਕਸਪੋਜ਼ਿਸ਼ਨ ਆਫ਼ ਦ ਐਕਟਸ ਆਫ਼ ਦ ਅਪੋਸਲਟਜ਼* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁਕ ਹਾਊਸ, 1990), 883. [24]ਐਫ਼.ਐਫ਼. ਬਰੂਸ, *ਦ ਬੁਕ ਆਫ਼ ਐਕਟਸ,* ਸੋਧਿਆ ਅੰਕ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1988), 441. [25]ਮੈਕਗਰਵੇ ਨੂੰ ਲੱਗਾ ਕਿ ਇਹ ਇਕ ਸੰਕੇਤ ਸੀ ਕਿ ਪੌਲੁਸ ਦੀ ''ਜਾਂਚ ਕੋਰੜੇ ਮਾਰ ਕੇ'' ਹੋਣੀ ਚਾਹੀਦੀ ਹੈ (22:24) (*ਨਿਊ ਕਮੈਂਟਰੀ ਆਨ ਐਕਟਸ ਆਫ਼ ਅਪੋਸਟਲਜ਼,* ਅੰਕ 2 [ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲਿਸ਼ਿੰਗ ਕੰ., ਮਿਤੀ ਰਹਿਤ], 235)। [26]ਕਈਆਂ ਦਾ ਮੰਨਣਾ ਹੈ ਕਿ ਆਇਤ 22 ਵਿਚ ਲੂਸੀਅਸ ਨੂੰ ਸੱਦਣ ਦੀ ਫ਼ੇਲਿਕਸ ਦੀ ਗੱਲ ਆਇਤ 8 ਵਿਚ ਤਰਤੁੱਲੁਸ ਦੇ ਸੁਝਾਅ ਦੇ ਜਵਾਬ ਵਿਚ ਸੀ ਅਤੇ ਇਹ *ਲੂਸੀਅਸ* ਦੀ ਪੜ੍ਹਤਾਲ ਲਈ ਸੀ ਕਿ ਉੱਥੇ ਅਸਲ ਵਿਚ ਕੀ ਹੋਇਆ। [27]ਇਨ੍ਹਾਂ ਸ਼ਬਦਾਂ ਦੀ ਤੁਲਨਾ ਰਸੂਲਾਂ ਦੇ ਕੰਮ 26:2 ਦੀ ਗੱਲ ਨਾਲ ਕਰੋ। [28]ਇਸ ਨੂੰ ਸਭ ਤੋਂ ਅਸਾਨ ਢੰਗ ਨਾਲ ਇੰਜ ਲਿਆ ਜਾ ਸਕਦਾ ਹੈ ਕਿ ਉਹ ਯਰੂਸ਼ਲਮ ਵਿਚ ਸਿਰਫ਼ ਬਾਰਾਂ ਦਿਨ ਪਹਿਲਾਂ ਹੀ ਆਇਆ ਸੀ। ਪੇਸ਼ੀ ਪੌਲੁਸ ਦੇ ਕੈਸਰੀਆ ਵਿਚ ਪਹੁੰਚਣ 'ਤੇ ਪੰਜਵੇਂ ਦਿਨ ਹੋਈ ਸੀ, ਜਿਸ ਕਰਕੇ ਪੌਲੁਸ ਨੂੰ ਯਰੂਸ਼ਲਮ ਵਿਚ ਰਹਿਣ ਲਈ ਸੱਤ ਦਿਨ ਹੀ ਮਿਲੇ ਸਨ। ਕਈਆਂ ਦਾ ਖ਼ਿਆਲ ਹੈ ਕਿ ਐਨਾ ਸਭ ਹੋਣ ਲਈ ਇਹ ਸਮਾਂ ਕਾਫ਼ੀ ਨਹੀਂ ਸੀ, ਅਤੇ ਮੰਨਦੇ ਹਨ ਕਿ ਬਾਰਾਂ ਦਿਨ ਸਿਰਫ਼ ਉਹਦੇ ਯਰੂਸ਼ਲਮ ਵਿਚ ਰਹਿਣ ਦੇ ਸਮੇਂ ਨੂੰ ਕਿਹਾ ਗਿਆ ਹੈ ਜਿਸ ਵਿਚ ਉਹਦੇ ਕੈਦ ਵਿਚ ਹੋਣ ਦੇ ਦਿਨ ਵੀ ਸ਼ਾਮਲ ਹਨ। ਜੋ ਵੀ ਹੋਵੇ, ਉਨ੍ਹਾਂ ਬਾਰਾਂ ਦਿਨਾਂ ਵਿੱਚੋਂ ਬਹੁਤਾ ਸਮਾਂ ਉਹ ਜ਼ੇਲ੍ਹ ਵਿਚ ਹੀ ਰਿਹਾ ਸੀ, ਜਿਸ ਨਾਲ ਉਹਦੇ ਕੋਲ ਗੜਬੜ ਕਰਾਉਣ ਦਾ ਵਕਤ ਹੀ ਨਹੀਂ ਸੀ। [29]''ਬੰਦਗੀ ਕਰਨ ਲਈ'' ਵਾਕਾਂਸ਼ ਤੋਂ ਭਾਵ ਹੈਕਲ ਵਿਚ ਬੰਦਗੀ ਕਰਨ, ਜਾਂ ਉਸ ਇਲਾਕੇ ਵਿਚ ਆਪਣੇ ਮਸੀਹੀ ਸਾਥੀਆਂ ਨੂੰ ਮਿਲਣਾ ਜਾਂ ਦੋਵੇਂ ਗੱਲਾਂ ਹੋ ਸਕਦੀਆਂ ਹਨ। ਪੌਲੁਸ ਦੇ ਕਹਿਣ ਤੋਂ ਭਾਵ ਇਹ ਸੀ ਕਿ ਉਹ ਯਰੂਸ਼ਲਮ ਵਿਚ ਸ਼ਾਂਤੀ ਵਾਲੇ ਮਕਸਦਾਂ ਲਈ ਆਇਆ ਸੀ, ਨਾ ਕਿ ਵਿਨਾਸ਼ਕਾਰੀ ਮਕਸਦਾਂ ਲਈ। [30]ਇਹ ਵੀ ਹੋ ਸਕਦਾ ਹੈ ਕਿ ਪੌਲੁਸ ਯਾਕੂਬ, ਪਤਰਸ ਅਤੇ ਯੂਹੰਨਾ ਨਾਲ ਕੀਤੇ ਸਮਝੌਤੇ ਨੂੰ ਨਿਭਾ ਰਿਹਾ ਹੋਵੇ (ਗਲਾਤੀਆਂ 2:9)।

[31]ਪੌਲੁਸ ਨੇ ਕਿਹਾ ਕਿ *ਯਹੂਦੀ* ਲੋਕ ਮਸੀਹੀਅਤ ਨੂੰ ਪੰਥ ਆਖਦੇ ਸਨ, ਖ਼ੁਦ ਪੌਲੁਸ ਅਜਿਹਾ ਨਹੀਂ ਕਹਿੰਦਾ ਸੀ। ਕਲੀਸੀਆ ਨਾ ਤਾਂ ਕਦੇ ਪੰਥ ਸੀ ਅਤੇ ਨਾ ਹੋਵੇਗੀ। (KJV ਇੱਥੇ ''heresy'' ਹੈ, ਪਰ ਆਇਤ ਪੰਜ ਵਿਚ ਇਸੇ ਯੂਨਾਨੀ ਸ਼ਬਦ ਦਾ ਅਨੁਵਾਦ ''sect'' ਕੀਤਾ ਗਿਆ ਹੈ।) [32]ਵਿਅਰਸਬੇ, 500. [33]ਭਾਵੇਂ ਨਵਾਂ ਨੇਮ ਵਿਚ ਆਮ ਤੌਰ 'ਤੇ ਧਰਮੀਆਂ (ਰਾਸਤਬਾਜ਼ਾਂ) ਅਤੇ ਬਦਕਾਰਾਂ ਦੋਹਾਂ ਦੇ ਜੀ ਉੱਠਣ ਦੀ ਗੱਲ ਕਰਦਾ ਹੈ (ਵੇਖੋ ਯੂਹੰਨਾ 5:28, 29), ਪਰ ਪੌਲੁਸ ਨੇ ਸਿਰਫ਼ ਇੱਥੇ ਹੀ ਇਹਦੀ ਵਰਤੋਂ ਕੀਤੀ ਹੈ। ਆਮ ਤੌਰ 'ਤੇ ਜੀ ਉੱਠਣ ਦੀ ਗੱਲ ਕਰਦੇ ਜਾਂ ਲਿਖਦੇ ਸਮੇਂ ਪੌਲੁਸ ਧਰਮੀਆਂ ਦੇ ਜੀ ਉੱਠਣ 'ਤੇ ਜ਼ੋਰ ਦਿੰਦਾ ਸੀ (ਉਦਾਹਰਣ ਲਈ, 1 ਕੁਰਿੰਥੀਆਂ 15)। [34]ਪ੍ਰਧਾਨ ਯਾਜਕ ਸਦੂਕੀ ਸੀ, ਜਿਵੇਂ ਉਹਦੇ ਸਾਥੀ ਵੀ ਹੋਣਗੇ; ਪਰ ਉਹ ਰਾਜਪਾਲ ਸਾਹਮਣੇ ਪੌਲੁਸ ਨੂੰ ਚੁਣੌਤੀ ਦੇਣ ਤੋਂ ਝੱਕਦੇ ਸਨ ਕਿਉਂਕਿ ਉਹ ਫ਼ੇਲਿਕਸ ਸਾਹਮਣੇ ਇਕ ਸਾਂਝੇ ਮੋਰਚੇ ਦੇ ਰੂਪ ਵਿਚ ਰਹਿਣਾ ਚਾਹੁੰਦੇ ਸਨ। [35]ਮੂਲ ਵਿਚ ''ਮੈਂ ਖ਼ੁਦ ਇਸੇਂ ਤਰ੍ਹਾਂ ਕਰਦਾ ਹਾਂ'' ਹੈ (ਵੇਖੋ KJV)। ਕਾਟਨ ਪੈਚ ਵਰਜ਼ਨ ਵਿਚ ''I constantly give myself workouts'' ਹੈ। ਇਹ ਰੂਹਾਨੀ ''ਅਭਿਆਸ'' ਜਿਸਮਾਨੀ ਕਸਰਤ ਨਾਲੋਂ ਅਹਿਮ

ਹੈ। [36]ਇਸ ਕਿਤਾਬ ਵਿਚ ''ਉਜ਼ਰ ਕਿਵੇਂ ਕਰੀਏ'' ਪਾਠ ਵਿਚ 23:1 ਦੇ ਸਬੰਧ ਵਿਚ ਅੰਤਹਕਰਨ 'ਤੇ ਨੋਟਸ ਵੇਖੋ। [37]ਜੇ 18:22 ਯਰੂਸ਼ਲਮ ਜਾਣ ਬਾਰੇ ਹੈ (''ਉਹ ਗਿਆ ... ''), ਤਾਂ ਪੌਲੁਸ ਨੂੰ ਯਰੂਸ਼ਲਮ ਵਿਚ ਗਏ ਪੰਜ ਜਾਂ ਵੱਧ ਸਾਲ ਹੋ ਚੁਕੇ ਹੋਣਗੇ। ਜੇ ਉਹ ਆਇਤ ਯਰੂਸ਼ਲਮ ਵਿਚ ਜਾਣ ਦੀ ਗੱਲ ਨਹੀਂ ਕਰਦੀ ਤਾਂ ਪੌਲੁਸ ਨੂੰ ਉਸ ਸ਼ਹਿਰ ਵਿਚ ਗਏ ਕਾਫ਼ੀ ਸਮਾਂ ਹੋ ਗਿਆ ਸੀ। ਦੂਜੇ ਸ਼ਬਦਾਂ ਵਿਚ, ਉਸ ਸਾਰੇ ਸਮੇਂ ਦੌਰਾਨ ਉਹ ਗੜਬੜ ਕਰਨ ਲਈ ਫ਼ੇਲਿਕਸ ਦੇ ਇਲਾਕੇ ਵਿਚ ਨਹੀਂ ਸੀ। [38]''ਦਾਨ'' ਪਰੋਪਕਾਰ ਵਜੋਂ ਦਿੱਤੀ ਮਦਦ ਨੂੰ ਕਿਹਾ ਜਾਂਦਾ ਹੈ (ਵੇਖੋ 3:2, 10; 10:2, 4)। [39]''ਭੇਟ'' ਸ਼ਬਦ ਹੈਕਲ ਵਿਚ ਦਿੱਤੀਆਂ ਕੁਰਬਾਨੀਆਂ ਲਈ ਹੋ ਸਕਦਾ ਹੈ, ਪਰ ਅਜਿਹਾ ਕੋਈ ਸੰਕੇਤ ਨਹੀਂ ਹੈ ਕਿ ਪੌਲੁਸ ਨੇ ਬਜ਼ੁਰਗਾਂ ਦੇ ਸੁਝਾਅ ਤਕ ਕੋਈ ਕੁਰਬਾਨੀ ਦੇਣ ਦੀ ਸੋਚੀ ਹੋਵੇ (21:23, 24)। ਜੇ ਉਹਨੇ ਅਜਿਹਾ ਕਰਨ ਦੀ ਯੋਜਨਾ ਬਣਾਈ ਸੀ ਤਾਂ ਇਸ ਨਾਲ ਉਨ੍ਹਾਂ ਦਾ ਮਕਸਦ ਉਨ੍ਹਾਂ ਦੇ ਸੁਝਾਅ ਨਾਲੋਂ ਬਹੁਤਾ ਕਾਮਯਾਬ ਹੋ ਗਿਆ ਹੋਵੇਗਾ। ''ਭੇਟ'' ਸ਼ਬਦ ਯਹੂਦੀ ਮਸੀਹੀਆਂ ਲਈ ਲਿਆਂਦੀ ਪ੍ਰੇਮ ਭੇਟ ਲਈ ਵਰਤਿਆ ਹੋ ਸਕਦਾ ਹੈ (2 ਕੁਰਿੰਥੀਆਂ 9:12 ਵਿਚ ਅਸੀਂ ਵੇਖਦੇ ਹਾਂ ਕਿ ਚੰਦੇ ਦਾ ਇਕ ਮਕਸਦ ''ਖ਼ੁਦਾ ਦੀ ਬਹੁਤ ਸ਼ੁਕਰਗੁਜ਼ਾਰੀ'' ਕਰਨਾ ਸੀ)। ਜਿੱਥੇ ਅਸੀਂ ਰਹਿੰਦੇ ਹਾਂ ਉੱਥੇ ਚੰਦੇ ਨੂੰ ਆਮ ਤੌਰ 'ਤੇ ''ਸ਼ੁਕਰਾਨਾ'' ਕਿਹਾ ਜਾਦਾ ਹੈ। [40]ਮੂਲ ਲਿਖਤ ਵਿਚ ਵਿਚਾਰ ਨੂੰ ਵਿਰਾਮ ਦੇਣ ਲਈ ਡੈਸ਼ ਦੀ ਵਰਤੋਂ ਕੀਤੀ ਗਈ ਹੈ। ਪੌਲੁਸ ਨੇ ਉੱਥੇ ਆਪਣੀ ਗੱਲ ਨੂੰ ਵਿਰਾਮ ਦਿੱਤਾ। ਇਸ ਪੇਸ਼ੀ ਦੇ ਸਾਰੇ ਬ੍ਰਿਤਾਂਤ ਵਿਚ ਤਰਤੁੱਲੁਸ ਦੇ ਇਲਜ਼ਾਮ ਅਤੇ ਪੌਲੁਸ ਦੀ ਸਫ਼ਾਈ ਦੋਹਾਂ ਵਿਚ ਲੂਕਾ ਨੇ ਆਮ ਭਾਸ਼ਣ ਦੇ ਮਹੀਨ ਫ਼ਰਕ ਨੂੰ ਫੜ੍ਹਿਆ।

[41]ਅਸੀਆ ਦੇ ਯਹੂਦੀ ਕਿੱਥੋਂ *ਸਨ?* ਸ਼ਾਇਦ ਇਕ ਵਾਰ ਪੌਲੁਸ ਨੂੰ ਕਤਲ ਕਰਨ ਦੀ ਕੋਸ਼ਿਸ਼ ਵਿਚ ਨਾਕਾਮ ਹੋ ਜਾਣ 'ਤੇ ਉਹ ਵਿੱਚੋਂ ਨਿੱਕਲ ਗਏ ਸਨ। ਜੇ ਉਹ ਯਰੂਸ਼ਲਮ ਦੇ ਇਲਾਕੇ ਵਿਚ ਸਨ ਵੀ, ਤਾਂ ਕੈਸਰੀਆ ਵਿਚ ਗਏ ਯਹੂਦੀ ਵਫ਼ਦ ਨੇ ਉਨ੍ਹਾਂ ਨੂੰ ਲਿਆਉਣ ਦੀ ਹਿੰਮਤ ਨਹੀਂ ਕੀਤੀ ਹੋਵੇਗੀ ਕਿਉਂਕਿ ਉਨ੍ਹਾਂ ਕੋਲ ਇਲਜ਼ਾਮ ਦਾ ਕੋਈ *ਸਬੂਤ* ਨਹੀਂ ਸੀ। [42]ਪੌਲੁਸ ਇਹ ਨਹੀਂ ਕਹਿ ਰਿਹਾ ਸੀ ਕਿ ਉਹਦੀ ਗੱਲ ਕੋਈ ''ਜੁਰਮ'' ਸੀ, ਨਾ ਹੀ ਉਹ ਆਪਣੀ ਗੱਲ ਲਈ ਅਫ਼ਸੋਸ ਕਰ ਰਿਹਾ ਸੀ। ਉਹਦੇ ਕਹਿਣ ਤੋਂ ਭਾਵ ਉਹੀ ਸੀ ਜੋ ਮੇਰੀ ਇਹ ਕਹਿਣ ਤੋਂ ਹੁੰਦਾ ਕਿ ''ਮੇਰਾ ਕਸੂਰ ਸਿਰਫ਼ ਐਨਾ ਹੈ ਕਿ ਮੈਂ ਉਹੀ ਕਰ ਰਿਹਾ ਹਾਂ ਜੋ ਮੈਨੂੰ ਕਰਨ ਲਈ ਕਿਹਾ ਗਿਆ ਹੈ'' ਭਾਵ ''ਮੇਰਾ ਕੋਈ ਕਸੂਰ ਨਹੀਂ।'' [43]ਜੇ ਜੀ ਉੱਠਣ ਦੀ ਗੱਲ 'ਤੇ ਵਿਸ਼ਵਾਸ ਕਰਨਾ ਜੁਰਮ ਸੀ ਤਾਂ ਸਭਾ ਦੇ ਸਭ ਫ਼ਰੀਸੀ ਵੀ ਦੋਸ਼ੀ ਸਨ! [44]''ਚੰਗੀ ਤਰ੍ਹਾਂ'' ਸ਼ਬਦ ਤੁਲਨਾ ਲਈ ਹੈ। ਇਸ ਵਾਕਾਂਸ਼ ਤੋਂ ਭਾਵ ''ਜੋ ਉਨ੍ਹਾਂ ਨੂੰ ਲਗਦਾ ਸੀ ਉਸ ਨਾਲੋਂ'' ਜਾਂ ''ਯਹੂਦੀ ਆਗੂਆਂ ਨਾਲੋਂ'' ਜਾਂ ''ਬਹੁਤੇ ਲੋਕਾਂ ਨਾਲੋਂ'' ਵੱਧ ਪਤਾ ਹੋਣਾ ਸੀ। [45]ਯਿਸੂ ਦੀ ਅਤੇ ਪੌਲੁਸ ਦੀ ਪੇਸ਼ੀ ਵਿਚ ਇੱਥੇ ਇਕ ਸਮਾਨਤਾ ਮਿਲਦੀ ਹੈ। ਦੋਵੇਂ ਹੀ ਬਾਰ-ਬਾਰ ਬੇਕਸੂਰ ਨਿੱਕਲੇ ਸਨ, ਪਰ ਉਨ੍ਹਾਂ ਨੂੰ ਛੱਡਿਆ ਨਹੀਂ ਗਿਆ ਸੀ। [46]ਫ਼ੇਲਿਕਸ ਕੋਲ ਅਫ਼ਸਰ ਦੀ ਰਿਪੋਰਟ ਪਹਿਲਾਂ ਹੀ ਆ ਚੁਕੀ ਸੀ ਅਤੇ ਉਹਦੇ ਲਈ ਉਹਨੂੰ ਸੱਦਣ ਦੀ ਕੋਈ ਲੋੜ ਨਹੀਂ ਸੀ। [47]ਜਿੱਥੋਂ ਤਕ ਸਾਨੂੰ ਪਤਾ ਹੈ, ਇਨ੍ਹਾਂ ਵਿੱਚੋਂ ਕੋਈ ਵੀ ਲੇਖ ਸੰਭਾਲ ਕੇ ਨਹੀਂ ਰੱਖਿਆ ਗਿਆ ਹੈ। ਕਈਆਂ ਨੇ ਸੁਝਾਅ ਦਿੱਤਾ ਹੈ ਕਿ ''ਜੇਲ੍ਹ ਦੀਆਂ ਪੱਤਰੀਆਂ'' (ਅਫ਼ਸੀਆਂ, ਫ਼ਿਲਿੱਪੀਆਂ, ਕੁਲੁੱਸੀਆਂ ਅਤੇ ਫਿਲੇਮੋਨ) ਕੈਸਰੀਆਂ ਤੋਂ ਹੀ ਲਿਖੀਆ ਗਈਆਂ ਸਨ ਪਰ ਇਹਦੀ ਬਹੁਤੀ ਸੰਭਾਵਨਾ ਹੈ ਕਿ ਉਹ ਰੋਮ ਤੋਂ ਲਿਖੀਆਂ ਗਈਆਂ ਹਨ (ਵੇਖੋ ਫ਼ਿਲਿੱਪੀਆਂ 4:22)। ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਪੌਲੁਸ ਨੇ ਕੈਸਰੀਆ ਵਿਚ ਕੈਦ ਦੌਰਾਨ ਇਬਰਾਨੀਆਂ ਦੀ ਪੱਤਰੀ ਲਿੱਖੀ ਸੀ; ਪਰ ਅਸੀਂ ਪੱਕਾ ਨਹੀਂ ਆਖ ਸਕਦੇ ਕਿ ਇਬਰਾਨੀਆਂ ਦੀ ਪੱਤਰੀ ਕਿਸਨੇ ਲਿੱਖੀ, ਇਸ ਕਰਕੇ ਇਹ ਸਿਰਫ਼ ਕਿਆਫ਼ਾ ਹੀ ਮੰਨਣਾ ਚਾਹੀਦਾ ਹੈ। [48]ਯਰੂਸ਼ਲਮ ਪਹੁੰਚਣ ਵੇਲੇ ਲੂਕਾ ਪੌਲੁਸ ਦੇ ਨਾਲ ਸੀ (21:17) ਅਤੇ ਦੋ ਸਾਲ ਬਾਅਦ ਰੋਮ ਤੋਂ ਜਾਣ ਵੇਲੇ ਵੀ ਉਹ ਪੌਲੁਸ ਦੇ ਨਾਲ ਹੀ ਸੀ (27:1), ਇਸ ਲਈ ਇਹ ਮੰਨਿਆ ਜਾਂਦਾ ਹੈ ਕਿ ਉਹ ਦੋ ਸਾਲਾਂ ਤਕ ਉਸੇ ਇਲਾਕੇ ਵਿਚ ਰਿਹਾ। [49]ਜੇਮਸ ਬਰਟਨ ਕਾਫਮੈਨ, *ਕਮੈਂਟਰੀ ਆਨ ਐਕਟਸ* (ਆਸਟਿਨ, ਟੈਕਸਸ: ਫਰਮ ਫ਼ਾਊਂਡੇਸ਼ਨ ਪਬਲਿਸ਼ਿੰਗ ਹਾਊਸ, 1976), 462, 463. [50]ਕ੍ਰਿਸਟੋਫਰ ਮੋਰਲੀ, ਸੰਪਾ. *ਦ ਸ਼ੌਰਟਰ ਬਾਰਲੈੱਟ'ਜ਼ ਫੈਮਿਲੀਅਰ ਕੁਟੇਸ਼ੰਜ਼* (ਨਿਊ ਯਾਰਕ: ਪਰਮਾਬੁਕਸ, 1953), 223.

© 2009 Truth for Today